# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 129 | Friday, July 05, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia Broker
647-970-7374
www.HardeepSivia.com


# ਆਪਣੇ ਭਾਈਵਾਲਾਂ ਉੱਤੇ ਕੈਨੇਡਾ ਨੂੰ ਪੂਰਾ ਭਰੋਸਾ : ਟਰੂਡੋ

## ਚੀਨ ਨੂੰ ਕੌਮਾਂਤਰੀ ਮਾਪਦੰਡਾਂ ਮੁਤਾਬਕ ਚੱਲਣਾ ਹੋਵੇਗਾ



ਓਟਵਾ, 4 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀਰਵਾਰ ਨੂੰ ਆਖਿਆ ਕਿ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਾਂ ਦਾ ਮੁੱਦਾ ਚੀਨ ਦੇ ਰਾਸ਼ਟਰਪਤੀ ਜ਼ੀ ਜ਼ਿਨਪਿੰਗ ਕੋਲ ਉਠਾ ਕੇ ਆਪਣਾ ਵਾਅਦਾ ਪੂਰਾ ਕੀਤਾ ਗਿਆ ਹੈ।

ਟਰੂਡੋ ਨੇ ਮਾਂਟਰੀਅਲ ਵਿੱਚ ਟਰਾਂਜ਼ਿਟ ਸਬੰਧੀ ਐਲਾਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਟਰੰਪ ਨੇ ਆਪਣੇ ਹਮਰੁਤਬਾ ਅਧਿਕਾਰੀ ਕੋਲ ਚੀਨ ਵਿੱਚ ਨਜ਼ਰਬੰਦ ਕੈਨੇਡੀਅਨਾਂ ਦਾ ਮੁੱਦਾ ਪਿਛਲੇ ਹਫਤੇ ਜਾਪਾਨ ਵਿੱਚ ਸੰਪੰਨ ਹੋਈ ਜੀ-20 ਸਿਖਰ ਵਾਰਤਾ ਦੌਰਾਨ ਉਠਾਇਆ। ਇੱਕ ਵੱਖਰੇ ਬਿਆਨ ਵਿੱਚ ਅਮਰੀਕਾ ਦੀ ਸਫੀਰ ਕੈਲੀ ਕ੍ਰਾਫਟ ਨੇ ਵੀਰਵਾਰ ਰਾਤ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਜਾਪਾਨ ਵਿੱਚ ਚੀਨ ਦੇ ਰਾਸ਼ਟਰਪਤੀ ਜ਼ੀ ਜ਼ਿਨਪਿੰਗ ਨਾਲ ਹੋਈ ਮੁਲਾਕਾਤ ਦੌਰਾਨ ਟਰੰਪ ਵੱਲੋਂ ਇਹ ਮੁੱਦਾ ਉਚੇਚੇ ਤੌਰ ਉੱਤੇ ਵਿਚਾਰਿਆ ਗਿਆ।

ਇਸ ਦੇ ਨਾਲ ਹੀ ਟਰੂਡੋ ਨੇ ਚੀਨੀ ਸਰਕਾਰ ਦੇ ਬੁਲਾਰੇ ਵੱਲੋਂ ਟਰੰਪ ਉੱਤੇ ਟੇਕ ਰੱਖਣ ਦੇ ਕੈਨੇਡਾ ਉੱਤੇ ਲਾਏ ਦੋਸ਼ ਦਾ ਵੀ ਕਰਾਰਾ ਜਵਾਬ ਦਿੱਤਾ। ...ਬਾਕੀ ਪੰਨਾ 6 'ਤੇ

# ਕੈਲੇਫੋਰਨੀਆ 'ਚ ਆਇਆ ਜ਼ਬਰਦਸਤ ਭੂਚਾਲ



ਲਾਸ ਏਂਜਲਸ, 4 ਜੁਲਾਈ (ਪੋਸਟ ਬਿਊਰੋ) : ਦੱਖਣੀ ਕੈਲੇਫੋਰਨੀਆ ਤੇ ਨੇਵਾਡਾ ਦੇ ਕਈ ਹਿੱਸਿਆਂ ਵਿੱਚ ਜ਼ਬਰਦਸਤ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਪੈਮਾਨੇ ਉੱਤੇ ਭੂਚਾਲ ਦੀ ਗਤੀ 6.4 ਮਾਪੀ ਗਈ। ਇੱਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਇਸ ਦੌਰਾਨ ਕੁੱਝ ਵਿਅਕਤੀਆਂ ਦੇ ਜ਼ਖ਼ਮੀ ਹੋਣ ਤੇ ਦੋ ਘਰਾਂ ਨੂੰ ਅੱਗ ਲੱਗਣ ਦੀਆਂ ਖਬਰਾਂ ਮਿਲੀਆਂ ਹਨ। ਕਰਨ ਕਾਊਂਟੀ ਦੇ ਫਾਇਰ ਚੀਫ ਡੇਵਿਡ ਵਿੱਟ ਦਾ ਕਹਿਣਾ ਹੈ ਕਿ ਐਮਰਜੰਸੀ ਅਮਲਾ ਇੱਕਾ ਦੁੱਕਾ ਥਾਂਵਾਂ ਉੱਤੇ ਲੱਗੀ ਅੱਗ, ਕੁੱਝ ਸੜਕਾਂ ਵਿੱਚ ਆਈਆਂ ਤਰੇੜਾਂ ਤੇ ਵੀਰਵਾਰ ਨੂੰ ਭੂਚਾਲ ਤੋਂ ਬਾਅਦ ਰਿਪੋਰਟ ਕੀਤੀ ਗਈ ਗੈਸ ਲੀਕ ਦੀਆਂ ਘਟਨਾਵਾਂ ਨਾਲ ਨਜਿੱਠ ਰਿਹਾ ਹੈ। ਭੂਚਾਲ ਦਾ ਕੇਂਦਰ ਲਾਸ ਏਂਜਲਸ ਤੋਂ 150 ਮੀਲ ਉੱਤਰਪੂਰਬ ਵੱਲ ਰਿੱਜਕ੍ਰੈਸਟ ਨੇੜੇ ਮੋਜਾਵੇ ਮਾਰੂਥਲ ਦੱਸਿਆ ਗਿਆ। 20 ਸਾਲਾਂ ਵਿੱਚ ਇਹ ਸੱਭ ਤੋਂ ਜ਼ਬਰਦਸਤ ਭੂਚਾਲ ਦੱਸਿਆ ਜਾ ਰਿਹਾ ਹੈ।

ਵਿੱਟ ਨੇ ਦੱਸਿਆ ਕਿ ਅਹਿਤਿਆਤ ਵਜੋਂ ਤੇ ਬਾਅਦ ਵਿੱਚ ਲੱਗਣ ਵਾਲੇ ਝਟਕਿਆਂ ਦੇ ਮੱਦੇਨਜ਼ਰ ਰਿੱਜਕ੍ਰੈਸਟ ਰੀਜਨਲ ਹਸਪਤਾਲ ਤੋਂ 15 ਮਰੀਜ਼ਾਂ ਨੂੰ ਬਾਹਰ ਕੱਢ ਲਿਆ ਗਿਆ। ਕਰਨ ਕਾਊਂਟੀ ਦੇ ਡਿਸਟ੍ਰਿਕਟ ਸੁਪਰਵਾਈਜ਼ਰ ਮਿੱਕ ਗਲੀਸਨ ਨੇ ਦੱਸਿਆ ਕਿ ਹਸਪਤਾਲ ਵਿੱਚ ਕੁੱਝ ਢਾਂਚਾਗਤ ਸਮੱਸਿਆਵਾਂ ਹਨ ਤੇ ਕੁੱਝ ਮਰੀਜ਼ਾਂ ਨੂੰ ਇੱਕ ਵਾਰਡ ਤੋਂ ਦੂਜੇ ਵਾਰਡ ਵਿੱਚ ਸ਼ਿਫਟ ਕਰਨਾ ਪਿਆ ਹੈ। ਕਈਆਂ ਨੂੰ ਤਾਂ ਨਾਲ ਲੱਗਦੀ ਇਮਾਰਤ ਵਿੱਚ ਹੀ ਸ਼ਿਫਟ ਕਰਾਇਆ ਗਿਆ ਹੈ।

## ਟਰੰਪ ਨੇ ਜ਼ੀ ਜ਼ਿਨਪਿੰਗ ਕੋਲ ਉਠਾਇਆ ਸੀ ਨਜ਼ਰਬੰਦ ਕੈਨੇਡੀਅਨਾਂ ਦਾ ਮੁੱਦਾ



ਓਟਵਾ, 4 ਜੁਲਾਈ (ਪੋਸਟ ਬਿਊਰੋ) : ਚੀਨ ਵੱਲੋਂ ਭਾਵੇਂ ਕੈਨੇਡਾ ਨੂੰ ਇਹ ਚੇਤਾਵਨੀ ਦਿੱਤੀ ਗਈ ਹੈ ਕਿ ਦੋ ਨਜ਼ਰਬੰਦ ਕੈਨੇਡੀਅਨਾਂ ਦੇ ਮੁੱਦੇ ਉੱਤੇ ਉਸ ਉੱਤੇ ਦਬਾਅ ਬਣਾਉਣ ਲਈ ਅਮਰੀਕਾ ਉੱਤੇ ਟੇਕ ਰੱਖਣੀ ਛੱਡ ਦੇਵੇ। ਪਰ ਮੀਡੀਆ ਨੂੰ ਮਿਲੀ ਜਾਣਕਾਰੀ ਅਨੁਸਾਰ ਰਾਸ਼ਟਰਪਤੀ ਡੌਨਲਡ ਟਰੰਪ ਨੇ ਜੀ-20 ਸਿਖਰ ਵਾਰਤਾ ਦੌਰਾਨ ਚੀਨ ਦੇ ਰਾਸ਼ਟਰਪਤੀ ਜ਼ੀ ਜ਼ਿਨਪਿੰਗ ਕੋਲ ਇਹ ਮੁੱਦਾ ਛੋਹਿਆ ਸੀ। ...ਬਾਕੀ ਪੰਨਾ 6 'ਤੇ

## ਜਨਤਕ ਨਿਯੁਕਤੀਆਂ ਸਬੰਧੀ ਜਾਂਚ ਦੀਆਂ ਲੱਭਤਾਂ ਜਨਤਕ ਨਹੀਂ ਕਰ ਸਕਾਂਗੇ : ਇੰਟੇਗ੍ਰਿਟੀ ਕਮਿਸ਼ਨਰ



ਓਨਟਾਰੀਓ, 4 ਜੁਲਾਈ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੀ ਸਰਕਾਰ ਦੇ ਪਬਲਿਕ ਐਪੁਆਇੰਟਮੈਂਟਸ ਸਕੈਂਡਲ ਸਬੰਧੀ ਜਾਂਚ ਦੀ ਮੰਗ ਦੇ ਤੂਲ ਫੜ੍ਹਨ ਉੱਤੇ ਓਨਟਾਰੀਓ ਦੇ ਇੰਟੇਗ੍ਰਿਟੀ ਕਮਿਸ਼ਨਰ ਦਾ ਕਹਿਣਾ ਹੈ ਕਿ ਜਾਂਚ ਦੀਆਂ ਲੱਭਤਾਂ ਨੂੰ ਉਹ ਜਨਤਕ ਨਹੀਂ ਕਰ ਸਕਣਗੇ ਕਿਉਂਕਿ ਉਨ੍ਹਾਂ ਦੇ ਹੱਥ ਕਾਨੂੰਨ ਕਾਰਨ ਬੱਝੇ ਹੋਏ ਹਨ। ਲਿਬਰਲ ਆਗੂ ਜੌਹਨ ਫਰੇਜ਼ਰ ਵੱਲੋਂ ਕਮਿਸ਼ਨਰ ਜੇ ਡੇਵਿਡ ਵੇਕ ਨੂੰ ਚਿੱਠੀ ਭੇਜ ਕੇ ਫੋਰਡ ਦੇ ਚੀਫ ...ਬਾਕੀ ਪੰਨਾ 6 'ਤੇ


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma — Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Finished Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
Payment Weekly
Direct Deposit
Safety Bonus Program
Fuel surcharge paid
Container division paid per mile (additional paid on train units).
New rates!!!!
Call Matt, or Wayne at 1-800-265-8526

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

**Dr. Randhawa Dentistry**

*Your own dentist who really cares for you*

We Provide the following Services:

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

Mayfield Rd / Mcvean Dr / Gore Rd / Squire Ellis Dr / Countryside Dr / DENTISTRY



**APEX** CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



**SASH FLEET HOLDING LTD** Established since 2007

NOW HIRING!!!
AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager

- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com



ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

**PEARSON** KITCHEN CABINET

Free Estimate
We Specialize in granite, quartz & marble countertops

Special Discount for Contractors | Buy Direct From The Factory

100% Satisfaction On Time

ਵਾਜਿਬ ਦਾਮ ਤੇ ਸਮੇਂ ਸਿਰ ਕੰਮ

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha: 416-200-0931

271 - Glidden Rd. Unit#5, Brampton (Kennedy&Glidden)



**TCMPLUS**

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਹਾਫਿਜ਼ ਸਈਦ ’ਤੇ ਹੋਈ ਕੁਝ ਕਾਰਵਾਈ,
ਖਬਰ ਪਾਕਿ ਨੇ ਦਿੱਤੀ ਇਹ ਆਪ ਮਿੱਤਰ।
ਹੋ ਗਏ ਦਰਜ ਕੁਝ ਕੇਸ ਜਿਹੇ ਸੁਣੇ ਜਾਂਦੇ,
ਲੱਗਾ ਅਜੇ ਵੀ ਗੇਅਰ ਨਹੀਂ ਟਾਪ ਮਿੱਤਰ।
ਛੋਟੀ-ਮੋਟੀ ਗੁਨਾਹਾਂ ਦੀ ਫਾਈਲ ਹੈ ਨਹੀਂ,
ਕੀਤਾ ਸਈਦ ਨੇ ਸਿਖਰ ਦਾ ਪਾਪ ਮਿੱਤਰ।
ਜਿਹੜੇ ਮਾਰਨ ਤੇ ਮਰਨ ਨੂੰ ਆਉਣ ਬੰਦੇ,
ਉਨ੍ਹਾਂ ਸਾਰਿਆਂ ਦਾ ਇਹੀਓ ਬਾਪ ਮਿੱਤਰ।
ਨੀਤੀ ਪਾਕਿ ਦੀ ਹਾਲੇ ਨਹੀਂ ਠੀਕ ਲੱਗਦੀ,
ਸਖਤੀ ਕਰਨ ਦਾ ਕਰੇ ਉਹ ਸਾਂਗ ਮਿੱਤਰ।
ਜਿਹੜੀ ਵੇਲ ਜ਼ਹਿਰੀਲੀ ਉਸ ਆਪ ਲਾਈ,
ਸਕਦਾ ਕਦੀ ਨਹੀਂ ਓਸ ਨੂੰ ਛਾਂਗ ਮਿੱਤਰ।

ਤੀਸ ਮਾਰ ਖਾਂ

# ਪੰਜ-ਆਬ ਵਲੋਂ ਕਰਵਾਇਆ ਕੈਨੇਡਾ ਡੇਅ ਮੇਲਾ ਯਾਦਗਾਰੀ ਹੋ ਨਿਬੜਿਆ







ਬਰੈਂਪਟਨ, 4 ਜੁਲਾਈ (ਪੋਸਟ ਬਿਊਰੋ)- ਬੀਤੀ 1 ਜੁਲਾਈ ਨੂੰ ਬਰੈਂਪਟਨ ਦੇ ਸ਼ੈਰੀਡਨ ਕਾਲਜ ਦੀਆਂ ਗ੍ਰਾਊਡਾਂ ਵਿਚ ਪੰਜ-ਆਬ ਟੀਵੀ ਦੀ ਟੀਮ ਪ੍ਰਿੰਸ ਸੰਧੂ ਅਤੇ ਬਲਜੀਤ ਮੰਡ ਵਲੋਂ ਕਰਵਾਇਆ ਗਿਆ ਕੈਨੇਡਾ ਡੇ ਮੇਲਾ ਯਾਦਗਾਰੀ ਹੋ ਨਿਬੜਿਆ। ਇਸ ਮੇਲੇ ਨੂੰ ਪਰਿਵਾਰਾਂ ਸਮੇਤ ਲੋਕਾਂ ਨੇ ਮਾਣਿਆ। ਸ਼ੈਰੀਡਨ ਕਾਲਜ ਦੇ ਇਲਾਕੇ ਵਿਚ ਤਿਲ ਸੁਟਣ ਲਈ ਵੀ ਕੋਈ ਥਾਂ ਨਹੀ ਸੀ। ਸਟੇਜ ਦੀ ਜ਼ਿੰਮੇਵਾਰੀ ਆਸ਼ਾ ਸ਼ਰਮਾ ਨੇ ਬਾਖੂਬੀ ਨਿਭਾਈ। ਮੇਲੇ ਦੌਰਾਨ ਨਛੱਤਰ ਗਿੱਲ, ਗੈਰੀ ਸੰਧੂ, ਸਾਰਥੀ ਕੇ, ਰਾਜ ਰਣਜੋਧ ਅਤੇ ਹੋਰ ਕਲਾਕਾਰਾਂ ਨੇ ਵੱਡੀ ਤਾਦਾਦ ਵਿਚ ਆਏ ਲੋਕਾਂ ਦਾ ਖੂਬ ਮਨੋਰੰਜਨ ਕੀਤਾ। ਇਸ ਮੇਲੇ ਵਿਚ ਇਲਾਕੇ ਦੇ ਵੱਖ-ਵੱਖ ਸਿਆਸੀ ਆਗੂਆਂ ਨੇ ਹਾਜ਼ਰੀ ਲਗਵਾ ਕੇ ਪ੍ਰਬੰਧਕਾਂ ਨੂੰ ਮੁਬਾਰਕਵਾਦ ਦਿੱਤੀ।

## ਜਹਾਜ਼ ਹਾਦਸੇ ਦੇ ਪੀੜਤਾਂ ਨੂੰ ਬੋਇੰਗ ਕੰਪਨੀ 10 ਕਰੋੜ ਡਾਲਰ ਦੇਵੇਗੀ

ਸਿਆਟਲ, 4 ਜੁਲਾਈ (ਪੋਸਟ ਬਿਊਰੋ)- ਅਮਰੀਕੀ ਜਹਾਜ਼ ਨਿਰਮਾਤਾ ਕੰਪਨੀ ਬੋਇੰਗ ਨੇ ਕਿਹਾ ਹੈ ਕਿ ਇੰਡੋਨੇਸ਼ੀਆ ਤੇ ਇਥੋਪੀਆ ਵਿਚ ਹੋਏ 737 ਮੈਕਸ ਜਹਾਜ਼ ਹਾਦਸਿਆਂ ਦੇ ਪੀੜਤ ਪਰਿਵਾਰਾਂ ਦੀ ਮਦਦ ਲਈ 10 ਕਰੋੜ ਡਾਲਰ ਦੇਵੇਗੀ। ਇਹ ਮਦਦ ਸਬੰਧਤ ਦੇਸ਼ਾਂ ਦੀਆਂ ਸਰਕਾਰਾਂ ਅਤੇ ਗ਼ੈਰ-ਸਰਕਾਰੀ ਸੰਗਠਨਾਂ ਰਾਹੀਂ ਕੁਝ ਸਾਲਾਂ ਵਿੱਚ ਦਿੱਤੀ ਜਾਏਗੀ। ਬੋਇੰਗ ਦੇ ਇਸ ਕਦਮ ਨੂੰ ਦੋ ਜਹਾਜ਼ ਹਾਦਸਿਆਂ ਨਾਲ ਖ਼ਰਾਬ ਹੋਈ ਸਾਖ ਸੁਧਾਰਨ ਵਜੋਂ ਦੇਖਿਆ ਜਾ ਰਿਹਾ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ 29 ਅਕਤੂਬਰ ਨੂੰ ਇੰਡੋਨੇਸ਼ੀਆ ਦੀ ਲਾਇਨ ਏਅਰ ਦਾ ਇੱਕ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਪਿੱਛੋਂ ਇਸ ਸਾਲ 10 ਮਾਰਚ ਨੂੰ ਇਥੋਪੀਆ ਵਿੱਚ ਇਕ 737 ਮੈਕਸ ਜਹਾਜ਼ ਹਾਦਸਾ ਗ੍ਰਸਤ ਹੋ ਗਿਆ ਸੀ। ਇਨ੍ਹਾਂ ਦੋਵਾਂ ਹਾਦਸਿਆਂ ਵਿਚ 346 ਲੋਕਾਂ ਦੀ ਮੌਤ ਹੋਈ ਸੀ। ਇਸ ਪਿੱਛੋਂ ਦੁਨੀਆ ਦੇ ਕਈ ਦੇਸ਼ਾਂ ਨੇ 737 ਮੈਕਸ ਜਹਾਜ਼ਾਂ ਦੀਆਂ ਉਡਾਣਾਂ ਰੱਦ ਕਰ ਦਿੱਤੀਆਂ ਸਨ। ਮੁੱਢਲੀ ਜਾਂਚ ਵਿਚ ਪਤਾ ਲੱਗਾ ਕਿ ਦੋਵਾਂ ਹਾਦਸਿਆਂ ਦੇ ਲਈ ਜਹਾਜ਼ ਦਾ ਐਂਟੀ-ਸਟਾਲ ਸਾਫਟਵੇਅਰ ਅਤੇ ਹੋਰ ਤਕਨੀਕੀ ਖ਼ਾਮੀਆਂ ਜ਼ਿੰਮੇਵਾਰ ਹਨ। ਇਸ ਭੇਦ ਦੇ ਖੁੱਲ੍ਹਣ ਪਿੱਛੋਂ ਬੋਇੰਗ ਨੂੰ ਦੁਨੀਆ ਭਰ ਵਿਚ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਹਾਦਸਿਆਂ ਦੇ ਬਾਅਦ ਬੋਇੰਗ ਦਾ ਇਸ ਕੈਟੇਗਰੀ ਦਾ ਜਹਾਜ਼ ਅਮਰੀਕਾ ਦੇ ਕਾਨੂੰਨ ਵਿਭਾਗ ਦੀ ਜਾਂਚ ਦੇ ਘੇਰੇ ਵਿਚ ਹੈ। ਬੋਇੰਗ ਦੇ ਖ਼ਿਲਾਫ਼ ਪੀੜਤ ਪਰਿਵਾਰਾਂ ਨੇ ਵੀ 100 ਤੋਂ ਵੱਧ ਮੁਕੱਦਮੇ ਕਰ ਰੱਖੇ ਹਨ। ਬੋਇੰਗ ਦੇ ਬੁਲਾਰੇ ਨੇ ਬੁੱਧਵਾਰ ਨੂੰ ਕਿਹਾ ਕਿ ਇਹ ਭੁਗਤਾਨ ਕੇਸਾਂ ਤੋਂ ਅਲੱਗ ਹੈ ਤੇ ਕਾਨੂੰਨੀ ਲੜਾਈ ਉੱਤੇ ਇਸ ਦਾ ਅਸਰ ਨਹੀਂ ਪਏਗਾ। 10 ਕਰੋੜ ਡਾਲਰ ਨਾਲ ਪ੍ਰਭਾਵਿਤ ਲੋਕਾਂ ਦੀ ਸਿੱਖਿਆ ਅਤੇ ਆਰਥਿਕ ਤਰੱਕੀ ਵਿਚ ਮਦਦ ਕੀਤੀ ਜਾਏਗੀ। ਦੁਨੀਆ ਦੀ ਇਸ ਸਭ ਤੋਂ ਵੱਡੀ ਜਹਾਜ਼ ਨਿਰਮਾਤਾ ਕੰਪਨੀ ਨੇ ਇਹ ਨਹੀਂ ਦੱਸਿਆ ਕਿ ਉਹ ਇਹ ਪੈਸਾ ਕਿਸ ਅਥਾਰਟੀ ਜਾਂ ਸੰਗਠਨ ਨੂੰ ਦੇਵੇਗੀ। ਇਥੋਪੀਆ ਜਹਾਜ਼ ਹਾਦਸੇ ਦੇ ਕੇਸ ਵਿਚ ਕਈ ਪੀੜਤ ਪਰਿਵਾਰਾਂ ਦੀ ਪ੍ਰਤੀਨਿਧਤਾ ਕਰਦੇ ਨਿਊਯਾਰਕ ਦੇ ਵਕੀਲ ਜਸਟਿਨ ਗ੍ਰੀਨ ਨੇ ਕਿਹਾ ਕਿ ਇਸ ਪੈਸੇ ਨਾਲ ਅਦਾਲਤ ਵਿਚ ਉਨ੍ਹਾਂ ਦੇ ਕਲਾਈਂਟਸ ਦੇ ਕੇਸ ਉੱਤੇ ਅਸਰ ਨਹੀਂ ਪਏਗਾ। ਪੀੜਤ ਪਰਿਵਾਰ ਇਹ ਜਾਣਨਾ ਚਾਹੁੰਦੇ ਹਨ ਕਿ ਹਾਦਸਾ ਕਿਉਂ ਹੋਇਆ ਅਤੇ ਕੀ ਇਸ ਤੋਂ ਬਚਿਆ ਜਾ ਸਕਦਾ ਸੀ?

## ਕੈਨਸਿੱਖ ਕਲਚਰਲ ਸੈਂਟਰ ਵੱਲੋਂ 35ਵਾਂ ਸਲਾਨਾ ਟੂਰਨਾਮੈਂਟ 13-14 ਜੁਲਾਈ ਨੂੰ

**ਬਾਬਿਆਂ ਦਾ ਮੇਲਾ ਤੇ ਬਜ਼ੁਰਗਾਂ ਦੀ ਕਬੱਡੀ ਹੋਵੇਗੀ ਖਿੱਚ ਦਾ ਕੇਂਦਰ**

ਬਰੈਂਪਟਨ, 2 ਜੁਲਾਈ (ਪੋਸਟ ਬਿਊਰੋ)- ਕੈਨਸਿੱਖ ਕਲਚਰਲ ਸੈਂਟਰ ਵਲੋਂ ਆਪਣਾ 35ਵਾਂ ਸਲਾਨਾ ਟੂਰਨਾਮੈਂਟ ਹਰ ਸਾਲ ਦੀ ਤਰ੍ਹਾਂ ਮਾਲਟਨ ਦੇ ਵਾਈਲਡ ਵੁਡ ਪਾਰਕ, ਜਿਸ ਨੂੰ ਹੁਣ ਪਾਲ ਕਾਫੀ ਦਾ ਵੀ ਨਾ ਦਿੱਤਾ ਗਿਆ ਹੈ, ਵਿਖੇ ਹੋ ਰਿਹਾ ਹੈ। ਦੋ ਰੋਜ਼ਾ ਇਸ ਟੂਰਨਾਮੈਟ ਵਿਚ ਸਾਕਰ, ਵਾਲੀਬਾਲ, ਰੱਸਾ ਕਸੀ, ਭਾਰ ਚੁੱਕਣ ਦੇ ਮੁਕਾਬਲੇ ਅਥਲੈਟਿਕਸ, ਬਾਸਕਿਟਬਾਲ ਦੇ ਮੈਚ ਕਰਵਾਏ ਜਾਣਗੇ। ਇਸੇ ਤਰ੍ਹਾਂ ਸ਼ਨਿਚਰਵਾਰ ਨੂੰ ਤਾਸ਼ ਦੀ ਸਵੀਪ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਐਤਵਾਰ ਨੂੰ ਬਜ਼ੁਰਗਾਂ ਲਈ ਇਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਇਸ ਵਿਚ ਵੱਖ ਵੱਖ ਉਮਰ ਦੇ ਬਜੁਰਗਾਂ ਨੂੰ ਸਟੇਜ ਤੋਂ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਨ ਦਾ ਮੌਕਾ ਵੀ ਦਿੱਤਾ ਜਾਵੇਗਾ। ਇਕ ਬਾਬਾ ਆਫ ਦਾ ਈਅਰ ਅਵਾਰਡ ਅਤੇ ਇਕ ਸੀਨੀਅਰ ਕਲੱਬ ਆਫ ਦਾ ਈਅਰ ਅਵਾਰਡ ਤੇ ਇਸ ਤੋਂ ਇਲਾਵਾ ਹੋਰ ਵੱਖ-ਵੱਖ ਸ੍ਰੇਣੀਆਂ ਦੇ ਅਵਾਰਡ ਵੀ ਬਜ਼ੁਰਗਾਂ ਨੂੰ ਦਿੱਤੇ ਜਾਣਗੇ। 60 ਸਾਲ ਤੋਂ ਉਤੇ ਦੀ ਉਮਰ ਦੇ ਲੋਕ ਕਵਿਤਾ, ਕਿੱਸਾ, ਕਹਾਵਤਾਂ, ਚੁਟਕਲੇ ਆਦਿ ਦੇ ਮੁਕਾਬ-ਲਿਆ ਵਿਚ ਭਾਗ ਲੈ ਸਕਣਗੇ। ਇਸੇ ਤਰ੍ਹਾਂ ਸਭ ਤੋਂ ਹੁਨਰਮੰਦ ਬਾਬੇ ਦਾ ਵੀ ਸਨਮਾਨ ਕੀਤਾ ਜਾਵੇਗਾ। ਜਿਥੇ ਵਧੀਆ ਪੰਜਾਬੀ ਪਹਿਰਾਵੇ ਲਈ ਬਾਬਿਆਂ ਦੇ ਮੁਕਾਬਲੇ ਹੋਣਗੇ, ਉਥੇ ਵਧੀਆ ਵੈਸਟਰਨ ਡ੍ਰੈਸ ਵਿਚ ਆਏ ਬਾਬੇ ਨੂੰ ਵੀ ਚੁਣਿਆ ਜਾਵੇਗਾ। ਇਸ ਸਬੰਧੀ ਸੀਨੀਅਰ ਕਲੱਬਾਂ ਭਾਗ ਲੈਣ ਲਈ ਆਪਣੇ ਤੌਰ ਉਪਰ ਅਤੇ ਵਿਅਕਤੀਗਤ ਰੂਪ ਵਿਚ ਭਾਗ ਲੈਣ ਲਈ ਬਜ਼ੁਰਗ ਆਪਣਾ ਨਾਮ ਕੈਨਸਿੱਖ ਕਲਚਰਲ ਸੈਂਟਰ ਕੋਲ ਦਰਜ ਕਰਵਾ ਸਕਦੇ ਹਨ। ਆਏ ਲੋਕਾਂ ਲਈ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਡੇਸ਼ਨ, ਵਾਵਾ ਟਰਾਂਸਪੋਰਟ ਤੇ ਹੋਰ ਗਰੁੱਪਾਂ ਵਲੋਂ ਰੋਟੀ ਪਾਣੀ ਦਾ ਬੰਦੋਬਸਤ ਕੀਤਾ ਜਾਵੇਗਾ। ਇਸ ਟੂਰਨਾਮੈਂਟ ਵਿਚ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਦੋ ਕਬੱਡੀ ਦੇ ਸ਼ੋਅ ਮੈਚ ਹੋਣ ਇਕ 50 ਤੋਂ ਲੈ ਕੇ 60 ਸਾਲ ਦੀ ਉਮਰ ਦੇ ਲੋਕਾਂ ਦਾ ਤੇ ਇਕ 60 ਸਾਲ ਤੋਂ ਉਪਰ ਦੀ ਉਮਰ ਦੇ ਬਜ਼ੁਰਗਾਂ ਦਾ। ਕਬੱਡੀ ਬਾਰੇ ਹੋਰ ਜਾਣਕਾਰੀ ਲੈਣ ਲਈ ਤੋਚੀ ਸੰਘਾ ਨਾਲ 416-454-3031 ਅਤੇ ਜਾਂ ਫੇਰ ਸ਼ੇਰਦਲਜੀਤ ਸਿੰਘ ਢਿੱਲੋਂ ਨਾਲ 416-716-2568 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇਆਲੀ ਕਲਾਂ ਇਲਾਕਾ ਨਿਵਾਸੀਆਂ ਵਲੋਂ ਪਿਕਨਿਕ 13 ਜੁਲਾਈ ਨੂੰ

ਇਆਲੀ ਕਲਾਂ ਤੇ ਆਸਪਾਸ ਦੇ ਇਲਾਕਾ ਨਿਵਾਸੀਆਂ ਵਲੋਂ 13 ਜੁਲਾਈ ਦਿਨ ਸ਼ਨੀਵਾਰ ਨੂੰ ਕੈਲੇਡਨ ਸ਼ਹਿਰ ਵਿਚ ਚਾਰਲਜ਼ ਹੇਨਜ਼ ਮੈਮੋਰੀਅਲ ਪਾਰਕ, ਜੋ ਕਿ 14190 ਕ੍ਰੈਡਿਟ ਵਿਊ ਰੋਡ ਉਤੇ ਸਥਿਤ ਹੈ, ਵਿਖੇ ਇਕ ਪਿਕਨਿਕ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਪਿਕਨਿਕ ਸਾਢੇ 11 ਵਜੇ ਤੋਂ ਲੈ ਕੇ 6 ਵਜੇ ਤੱਕ ਚੱਲੇਗੀ। ਇਸ ਪਿਕਨਿਕ ਵਿਚ ਸ਼ਾਮਲ ਹੋਣ ਲਈ ਇਲਾਕਾ ਨਿਵਾਸੀਆਂ ਲਈ ਕੋਈ ਵੀ ਟਿਕਟ ਨਹੀਂ ਹੈ। ਹਰ ਆਏ ਮਹਿਮਾਨ ਲਈ ਖਾਣ ਪੀਣ ਤੇ ਬਾਰਬੀਕਿਊ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਇਆਲੀ ਕਲਾਂ ਦੇ ਗ੍ਰੇਟਰ ਟੋਰਾਂਟੋ ਏਰੀਆ ਵਿਚ 50 ਦੇ ਕਰੀਬ ਪਰਿਵਾਰ ਵਸ ਰਹੇ ਹਨ। ਇਨ੍ਹਾਂ ਪਰਿਵਾਰਾਂ ਵਲੋਂ ਛੋਟੀ ਇਆਲੀ, ਝੰਮਟ, ਬੈਂਸ, ਥਰੀਕੇ, ਝਾਂਡੇ ਅਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਇਸ ਪਿਕਨਿਕ ਵਿਚ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਂਦੀ ਹੈ। ਪਿਕਨਿਕ ਦੀ ਹੋਰ ਜਾਣਕਾਰੀ ਲਈ ਰਾਜਿੰਦਰ ਪ੍ਰਭਾਕਰ ਨਾਲ 905-915-7055 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
100% Natural Cure & No Side Effect
- ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ
- ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
- ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਹੋਣਾ
- Uric Acid ਤੋਂ ਛੁਟਕਾਰਾ
- ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
- ਕਬਜ ਅਤੇ ਬਵਾਸੀਰ
ਗੱਠੀਆ ਜਿਵੇਂ ਹੱਥਾਂ, ਪੈਰਾਂ ਅਤੇ ਜੋੜਾਂ ਦੀ ਸੋਜ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

SherGill Law Firm
Barrister, Solicitor & Notary Public
Services:
- Real Estate
- Residential, Commercial, Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਧਰਮਿੰਦਰ ਨੇ ਪੁੱਤਰ ਸੰਨੀ ਦਿਉਲ ਨੂੰ ਭਗਵੰਤ ਮਾਨ ਤੋਂ ਅਕਲ ਸਿੱਖਣ ਦੀ ਨਸੀਹਤ ਦਿੱਤੀ



ਜਲੰਧਰ, 4 ਜੁਲਾਈ, (ਪੋਸਟ ਬਿਊਰੋ)- ਗੁਰਦਾਸਪੁਰ ਤੋਂ ਪਹਿਲੀ ਵਾਰ ਪਾਰਲੀਮੈਂਟ ਮੈਂਬਰ ਬਣੇ ਸੰਨੀ ਦਿਉਲ ਚਰਚਾ ਵਿਚ ਆਉਂਦੇ ਵੇਖ ਕੇ ਉਨ੍ਹਾਂ ਦੇ ਪਿਤਾ ਅਤੇ ਸਾਬਕਾ ਭਾਜਪਾ ਐੱਮਪੀ ਧਰਮਿੰਦਰ ਨੇ ਉਨ੍ਹਾਂ ਨੂੰ ਭਗਵੰਤ ਮਾਨ ਤੋਂ ਸਿੱਖਣ ਦੀ ਨਸੀਹਤ ਦਿੱਤੀ ਹੈ। ਧਰਮਿੰਦਰ ਨੇ ਕਿਹਾ ਕਿ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਭਾਰਤ ਮਾਤਾ ਦੀ ਸੇਵਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਭਗਵੰਤ ਮਾਨ ਉੱਤੇ ਬਹੁਤ ਮਾਣ ਹੈ। ਉਨ੍ਹਾਂ ਦੇ ਇਸ ਟਵੀਟ ਪਿੱਛੋਂ ਕਈ ਲੋਕ ਸੰਨੀ ਦੇ ਕੰਮ ਉੱਤੇ ਸਵਾਲ ਚੁੱਕਣ ਲੱਗੇ ਤਾਂ ਕਈ ਹੋਰਨਾਂ ਨੇ ਧਰਮਿੰਦਰ ਵੱਲੋਂ ਖੁਦ ਭਾਜਪਾ ਨਾਲ ਹੁੰਦੇ ਹੋਏ ਵਿਰੋਧੀ ਧਿਰ ਦੇ ਕਿਸੇ ਆਗੂ ਦੀ ਤਾਰੀਫ਼ ਕਰਨ ਦੀ ਸ਼ਲਾਘਾ ਕੀਤੀ ਹੈ। ਕਈ ਲੋਕ ਖੁੱਲ੍ਹ ਕੇ ਉਨ੍ਹਾਂ ਦੇ ਹੱਕ ਵਿਚ ਵੀ ਆਏ ਹਨ।

ਇਸ ਮੁੱਦੇ ਉੱਤੇ ਇਕ ਵਿਅਕਤੀ ਨੇ ਸੋਸ਼ਲ ਮੀਡੀਆ ਉੱਤੇ ਧਰਮਿੰਦਰ ਤੋਂਪੁੱਛਿਆ ਕਿ ਭਗਵੰਤ ਮਾਨ ਨੇ ਐਸਾ ਕੀ ਕੀਤਾ ਹੈ, ਜਿਹੜਾ ਸੰਨੀ ਨਹੀਂ ਕਰ ਸਕੇ? ਜਵਾਬ ਵਿੱਚ ਧਰਮਿੰਦਰ ਨੇ ਕਿਹਾ ਕਿ ਭਗਵੰਤ ਮਾਨ ਨੇ ਕਰੋੜਾਂ ਰੁਪਏ ਦਾ ਫਿਲਮੀ ਕਰੀਅਰ ਲੋਕਾਂ ਦੀ ਸੇਵਾ ਲਈ ਛੱਡ ਦਿੱਤਾ ਹੈ। ਏਦਾਂ ਦੀ ਸ਼ਲਾਘਾ ਤੇ ਨੁਕਤਾਚੀਨੀ ਦੌਰਾਨ ਧਰਮਿੰਦਰ ਦਾ ਟਵੀਟ ਜਦੋਂ ਕੁਝ ਘੰਟਿਆਂ ਵਿਚ ਟ੍ਰੋਲ ਹੋਣ ਲੱਗਾ ਤਾਂ ਉਨ੍ਹਾਂ ਨੇ ਦੋਵੇਂ ਟਵੀਟ ਸੋਸ਼ਲ ਮੀਡੀਆ ਤੋਂ ਡਿਲੀਟ ਕਰ ਦਿੱਤੇ ਹਨ।

ਪਤਾ ਲੱਗਾ ਹੈ ਕਿ ਇਕ ਸੋਸ਼ਲ ਮੀਡੀਆ ਯੂਜ਼ਰ ਨੇ ਸੰਨੀ ਦਿਉਲ ਦੀ ਮੁੰਬਈ ਏਅਰਪੋਰਟ ਤੋਂ ਬਾਹਰ ਆਉਂਦੇ ਦੀ ਫੋਟੋ ਟਵਿੱਟਰ ਉੱਤੇ ਸ਼ੇਅਰ ਕਰ ਕੇ ਉਸ ਵਿਚ ਸੰਨੀ ਦੀ 'ਡੈਸ਼ਿੰਗ ਲੁਕ' ਦਾ ਜ਼ਿਕਰ ਕੀਤਾ ਤਾਂ ਇਸ ਬਾਰੇ ਜਵਾਬ ਦਿੰਦੇ ਹੋਏ ਧਰਮਿੰਦਰ ਨੇ ਸੰਨੀ ਨੂੰ ਸਲਾਹ ਦੇ ਦਿੱਤੀ ਸੀ ਕਿ ਉਹ ਭਗਵੰਤ ਮਾਨ ਤੋਂ ਸਿੱਖੇ। ਧਰਮਿੰਦਰ ਨੇ ਟਵੀਟ ਕਰ ਕੇ ਕਿਹਾ ਸੀ, 'ਸੰਨੀ, ਮੇਰੇ ਪੁੱਤਰ, ਕੋਸ਼ਿਸ਼ ਕਰੋ ਕਿ ਸੰਗਰੂਰ ਦੇ ਐੱਮ ਪੀ ਭਗਵੰਤ ਸਿੰਘ ਮਾਨ, ਜੋ ਮੇਰੇ ਪੁੱਤਰ ਵਾਂਗ ਹੈ, ਤੋਂ ਕੁਝ ਸਿੱਖੋ। ਭਾਰਤ ਮਾਂ ਦੀ ਸੇਵਾ ਕਰਨ ਲਈ ਕਿੰਨਾ ਤਿਆਗ ਕੀਤਾ ਹੈ, ਜ਼ਿੰਦਾ ਰਹੋ ਮਾਨ। ਬਹੁਤ-ਬਹੁਤ ਮਾਣ ਹੈ ਮੈਨੂੰ ਤੁਹਾਡੇ ਉੱਤੇ।'ਸਵੇਰੇ ਕਰੀਬ ਸਾਢੇ ਛੇ ਵਜੇ ਕੀਤੇ ਗਏ ਇਸ ਟਵੀਟ ਨੂੰ ਦੁਪਹਿਰ ਤਕ ਸੈਂਕੜੇ ਯੂਜ਼ਰਜ਼ ਨੇ ਸ਼ੇਅਰ ਕੀਤਾ ਅਤੇ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਲਈ ਭਾਜਪਾ ਦੇ ਸਾਬਕਾ ਐੱਮ ਪੀ ਧਰਮਿੰਦਰ ਦੀ ਸੋਚ ਬਾਰੇ ਸ਼ਲਾਘਾ ਵੀ ਕੀਤੀ। ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਉਨ੍ਹਾਂ ਦੀ ਇਸ ਪੋਸਟ ਨੂੰ ਕਈ ਥਾਂ ਰੀਟਵੀਟ ਕੀਤਾ ਤੇ ਨਾਲ ਲਿਖਿਆ:'ਚੱਲੋ, ਭਾਜਪਾ ਵਿਚ ਕੋਈ ਤਾਂ ਹੈ, ਜੋ ਮਾਨ ਦੇ ਕੰਮਾਂ ਦੀ ਤਾਰੀਫ਼ ਕਰਦਾ ਹੈ।' ਦੁਵੱਲੀ ਚਰਚਾ ਦੇ ਦੌਰਾਨ ਇਕ ਯੂਜ਼ਰ ਨੇ ਟਵੀਟ ਕਰ ਕੇ ਪੁੱਛ ਲਿਆ, 'ਕੀ ਤਿਆਗ ਕੀਤਾ ਹੈ ਮਾਨ ਨੇ?' ਇਸਦਾ ਧਰਮਿੰਦਰ ਨੇ ਜਵਾਬ ਦਿੱਤਾ, 'ਆਪਣਾ ਕਰੋੜਾਂ ਦਾ ਕਿੱਤਾ, ਆਪਣਾ ਫਿਲਮੀ ਕਰੀਅਰ'। ਉਸ ਪਿੱਛੋਂ ਧਰਮਿੰਦਰ ਦਾ ਇਹ ਟਵੀਟ ਟ੍ਰੋਲ ਹੋਣ ਲੱਗਾ ਤਾਂ ਦੁਪਹਿਰ ਹੁੰਦੇ ਤੱਕ ਧਰਮਿੰਦਰ ਨੇ ਦੋਵੇਂ ਟਵੀਟ ਡਿਲੀਟ ਕਰ ਦਿੱਤੇ। ਉਨ੍ਹਾਂ ਦੇ ਇਸ ਤਰ੍ਹਾਂ ਕਰਨ ਨਾਲ ਕੁਝ ਯੂਜ਼ਰਜ਼ ਭੜਕ ਗਏ। ਜਿਹੜੇ ਲੋਕ ਕੁਝ ਸਮਾਂ ਪਹਿਲਾਂ ਧਰਮਿੰਦਰ ਦੀ ਤਾਰੀਫ਼ ਕਰ ਰਹੇ ਸਨ, ਉਨ੍ਹਾਂ ਨੇ ਕੋਸਣਾ ਸ਼ੁਰੂ ਕਰ ਦਿੱਤਾ ਤੇ ਇਕ ਜਣੇ ਨੇ ਲਿਖਿਆ, 'ਧਰਮਿੰਦਰ ਜੀ ਵੀ ਨੇਤਾਵਾਂ ਵਰਗਾ ਵਿਹਾਰ ਕਰਨ ਲੱਗੇ ਹਨ।'

ਧਰਮਿੰਦਰ ਦਾ ਇਹ ਟਵੀਟ ਇਸ ਲਈ ਵੀ ਟ੍ਰੋਲ ਹੁੰਦਾ ਰਿਹਾ ਕਿ ਸੰਨੀ ਦਿਉਲਦੇ ਵਾਂਗ ਭਗਵੰਤ ਮਾਨ ਵੀ ਲੰਬਾ ਸਮਾਂ ਫਿਲਮ ਇੰਡਸਟਰੀ ਨਾਲ ਜੁੜੇ ਰਹੇ ਸਨ ਤੇ 2011 ਵਿੱਚ ਰਾਜਨੀਤੀ ਵਿੱਚ ਆਉਣ ਪਿੱਛੋਂ ਉਨ੍ਹਾ ਫਿਲਮੀ ਕਰੀਅਰ ਛੱਡ ਦਿੱਤਾ ਸੀ। ਭਗਵੰਤ ਮਾਨ ਅਕਸਰ ਕਹਿੰਦੇ ਰਹਿੰਦੇ ਹਨ ਕਿ ਉਨ੍ਹਾਂ ਨੇ ਦੇਸ਼ ਸੇਵਾ ਲਈ ਆਪਣੇ ਪਰਿਵਾਰ ਤੇ ਪੇਸ਼ੇ ਦਾ ਤਿਆਗ ਕਰ ਛੱਡਿਆ ਹੈ।ਸੰਨੀ ਦਿਉਲ ਐੱਮ ਪੀ ਬਣੇ ਤਾਂ ਉਨ੍ਹਾਂ ਨੇ ਥਾਂ ਫਿਲਮ ਪ੍ਰੋਡਿਊਸਰ ਗੁਰਪ੍ਰੀਤ ਸਿੰਘ ਨੂੰ ਆਪਣਾ ਪ੍ਰਤੀਨਿਧ ਨਿਯੁਕਤ ਕਰ ਦਿੱਤਾ ਤੇ ਖ਼ੁਦ ਮੁੰਬਈ ਚਲੇ ਗਏ। ਫਿਰ ਸਫ਼ਾਈ ਦਿੱਤੀ ਕਿ ਗੁਰਪ੍ਰੀਤ ਉਨ੍ਹਾਂ ਦਾ ਪ੍ਰਤੀਨਿਧਨਹੀਂ, ਸਿਰਫ਼ ਪੀ ਏ ਹੈ, ਜਿਹੜਾ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਗੁਰਦਾਸਪੁਰ ਦਾ ਸਾਰਾ ਕੰਮ ਦੇਖੇਗਾ। ਇਸ ਪਿੱਛੋਂ ਧਰਮਿੰਦਰ ਦਾ ਇਹ ਟਵੀਟ ਸੰਨੀ ਦਿਉਲ ਲਈ ਫਿਲਮੀ ਕਰੀਅਰ ਨੂੰ ਛੱਡਣ ਦਾ ਇਸ਼ਾਰਾ ਹੈ ਜਾਂ ਕੁਝ ਹੋਰ, ਇਸ ਦੀ ਚਰਚਾ ਕਾਰਨ ਇਸ ਟਵੀਟ ਨੇ ਚਰਚਾਵਾਂ ਦਾ ਬਾਜ਼ਾਰ ਗਰਮ ਕਰ ਦਿੱਤਾ ਹੈ।

# ਕੈਪਟਨ ਅਮਰਿੰਦਰ ਵੱਲੋਂ ਜੇਲ੍ਹ ਸੁਰੱਖਿਆ ਬਾਰੇ ਡਰੋਣ ਦੀ ਵਰਤੋਂ ਸਮੇਤ ਕਈ ਵੱਡੇ ਫੈਸਲੇ



ਚੰਡੀਗੜ੍ਹ, 4 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜੇਲ੍ਹਾਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਅੱਜਵੀਰਵਾਰ ਸਖ਼ਤ ਕਦਮ ਚੁੱਕਣ ਲਈ ਕੀਤੇ ਫੈਸਲਿਆਂ ਬਾਰੇ ਪਤਾ ਲੱਗਾ ਹੈ ਕਿ ਅੱਗੇ ਤੋਂ ਇਸ ਕੰਮ ਲਈ ਪੰਜਾਬ ਦੀਆਂ ਜੇਲ੍ਹਾਂ ਵਿਚ ਡਰੋਣ ਅਤੇ ਸੀਸੀਟੀਵੀ ਕੈਮਰੇ ਵੀ ਲਾਏ ਜਾਣਗੇ।

ਜੇਲ੍ਹਾਂ ਦੀ ਸੁਰੱਖਿਆ ਦੇ ਜਾਇਜ਼ੇ ਲਈ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਦੌਰਾਨ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਦੇ ਮੁਲਾਜ਼ਮਾਂ ਨੂੰ ਜੇਲ੍ਹ ਵਿਭਾਗ ਵਿਚ ਡੈਪੂਟੇਸ਼ਨ ਉੱਤੇ ਭੇਜਣ ਦਾ ਫੈਸਲਾ ਕੀਤਾ ਹੈ ਤਾਂ ਕਿ ਉਹ ਖ਼ੁਫ਼ੀਆ ਸੂਚਨਾ ਇਕੱਠੀ ਕਰਨ ਲਈ ਸਟਾਫ਼ ਦੀ ਮਦਦ ਕਰ ਸਕਣ, ਜਿਹੜੀ ਸੁਰੱਖਿਆ ਲਈ ਅਹਿਮ ਸਾਬਤ ਹੋ ਸਕਦੀ ਹੈ। ਉਨ੍ਹਾਂ ਨੇ ਸੁਣਵਾਈ ਅਧੀਨ ਗੈਂਗਸਟਰਾਂ ਤੇ ਗਰਮ ਖਿਆਲੀਆਂ ਨੂੰ ਹੋਰ ਕੈਦੀਆਂ ਤੋਂ ਵੱਖ ਕਰਨ ਦੀ ਰਣਨੀਤੀ ਬਣਾਉਣ ਲਈ ਵੀ ਜੇਲ੍ਹ ਵਿਭਾਗ ਨੂੰ ਕਿਹਾ ਹੈ, ਜਿਸ ਵਿੱਚ ਉਨ੍ਹਾਂ ਨੂੰ ਪੰਜਾਬਤੋਂ ਬਾਹਰਲੀਆਂ ਜੇਲ੍ਹਾਂ ਵਿਚ ਭੇਜ ਦੇਣਦਾ ਕੰਮ ਵੀ ਹੋ ਸਕਦਾ ਹੈ। ਇਸ ਸੋਚ ਦਾ ਮਕਸਦ ਜੇਲ੍ਹਾਂ ਤੋਂ ਗਰਮ ਖਿਆਲੀ ਕੈਦੀਆਂ ਤੇ ਖਾੜਕੂਆਂ ਜਾਂਗੈਂਗਸਟਰਾਂ ਦੀ ਅਪਰਾਧਕ ਸਰਗਰਮੀ ਰੋਕਣਾ ਦੱਸਿਆ ਗਿਆ ਹੈ।ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਮਹੀਨੇ ਵਿੱਚ ਇਕ ਵਾਰ ਆਪੋ-ਆਪਣੇ ਜ਼ਿਲ੍ਹੇ ਦੀਆਂ ਜੇਲ੍ਹਾਂ ਦਾ ਦੌਰਾ ਕਰਨ ਦੇ ਹੁਕਮ ਦਿੱਤੇ ਹਨ, ਤਾਂ ਜੋ ਜੇਲ੍ਹਾਂਦੇ ਸੁਰੱਖਿਆ ਪ੍ਰਬੰਧਾਂ ਅਤੇ ਭਲਾਈ ਕਦਮਾਂ ਉੱਤੇਯੋਗ ਨਿਗਰਾਨੀ ਯਕੀਨੀ ਬਣਾਈ ਜਾ ਸਕੇ।

ਇਸ ਮੀਟਿੰਗ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਨਾਭਾ ਜੇਲ੍ਹ ਵਿਚ ਬਰਗਾੜੀ ਬੇਅਦਬੀ ਕੇਸ ਦੇ ਮੁੱਖ ਦੋਸ਼ੀ ਦਾ ਕਤਲ ਹੋਣ ਅਤੇ ਲੁਧਿਆਣਾ ਜੇਲ੍ਹ ਵਿਚ ਹੋਏ ਦੰਗੇ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਨੇ ਵਾਰਡਨਾਂ ਦੀਆਂ 700 ਖਾਲੀ ਪੋਸਟਾਂ ਨੂੰ ਬਿਨਾਂ ਦੇਰੀ ਤੋਂ ਭਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਇਨ੍ਹਾਂ ਵਿੱਚੋਂ 400 ਵਾਰਡਨਾਂ ਦੀ ਭਰਤੀ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਮੁੱਖ ਮੰਤਰੀ ਨੇ ਵਾਰਡਨ ਭਰਤੀ ਦੇਲਿਖਤੀ ਟੈਸਟ ਦੇਮੌਜੂਦਾ ਅਮਲ ਦੀ ਥਾਂ ਸਰੀਰਕ ਟੈਸਟ ਤੇ ਇਸ ਦੇ ਘੱਟੋ-ਘੱਟ ਸਟੈਂਡਰਡ ਲਾਜ਼ਮੀ ਪੂਰੇ ਕਰਨ ਨੂੰ ਕਿਹਾ ਹੈ।ਉਨ੍ਹਾਨੇ ਜੇਲ੍ਹ ਮੈਨੂਅਲ ਦਾ ਜਾਇਜ਼ਾ ਲੈਣ ਲਈ ਵੀ ਜੇਲ੍ਹ ਵਿਭਾਗ ਨੂੰ ਕਿਹਾ ਅਤ ਕੈਦੀਆਂ ਦੀ ਪੈਰੋਲ ਨੂੰ ਔਖੀ ਕਰਨ ਲਈ ਢੁਕਵੀਆਂ ਸੋਧਾਂ ਵਾਸਤੇ ਵੀ ਕਿਹਾ ਹੈ, ਕਿਉਂਕਿ ਜੇਲ੍ਹਾਂ ਤੋਂ ਬਾਹਰ ਆ ਕੇ ਕਈ ਕੈਦੀਆਂ ਨੂੰ ਸਮੱਸਿਆਵਾਂ ਪੈਦਾ ਕਰਦੇ ਦੇਖਿਆ ਗਿਆ ਹੈ।

ਜੇਲ੍ਹਾਂ ਦੀ ਸੁਰੱਖਿਆ ਕਰਨ ਦੇ ਲਈ ਆਈਆਰਬੀ (ਇੰਡੀਆ ਰਿਜ਼ਰਵ ਬਟਾਲੀਅਨ) ਦੇ ਬਜਾਏ ਸੀਆਰਪੀਐੱਫ ਦੀਆਂ ਚਾਰ ਕੰਪਨੀਆਂ ਲਾਉਣਬਾਰੇ ਪਿਛਲੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਵਾਨਗੀ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਇਸ ਬਾਰੇ ਵਿਧੀ-ਵਿਧਾਨ ਜਲਦੀ ਬਣਾਉਣ ਦੇ ਹੁਕਮ ਦਿੱਤੇ ਅਤੇ ਕਿਹਾ ਕਿ ਸੀਆਰਪੀਐੱਫ ਦੀਆਂ ਕੰਪਨੀਆਂ ਜਿੰਨੀ ਛੇਤੀ ਹੋ ਸਕੇ, ਜੇਲ੍ਹ ਡਿਊਟੀ ਉੱਤੇਲਾ ਦਿੱਤੀਆਂ ਜਾਣ।ਜੇਲ੍ਹਾਂ ਅੰਦਰ ਮੋਬਾਈਲ ਫੋਨ ਆਦਿ ਦੀ ਤਸਕਰੀ ਵਿਚ ਪ੍ਰਾਈਵੇਟ ਕੰਪਨੀ ਪੈਸਕੋ ਦੇ ਮੁਲਾਜ਼ਮਾਂ ਦੇ ਸ਼ਾਮਲ ਹੋਣਦੀ ਚਰਚਾ ਦਾ ਨੋਟਿਸ ਲੈਂਦੇ ਹੋਏ ਮੁੱਖ ਮੰਤਰੀ ਨੇ ਜੇਲ੍ਹਾਂ ਵਿੱਚ ਤਾਇਨਾਤ ਹੋਣ ਵਾਲੇ ਸਾਰੇ ਮੁਲਾਜ਼ਮਾਂ ਦੀ ਪੜਤਾਲ ਲਈ ਕਿਹਾ ਹੈ।

# ਮਾਣਹਾਨੀ ਕੇਸ ਵਿੱਚ ਰਾਹੁਲ ਗਾਂਧੀ ਤੇ ਸੀਤਾਰਾਮ ਯੇਚੁਰੀ ਅਦਾਲਤ ਵਿੱਚ ਪੇਸ਼

* ਦੋਵਾਂ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ



ਮੁੰਬਈ, 4 ਜੁਲਾਈ, (ਪੋਸਟ ਬਿਊਰੋ)- ਰਾਸ਼ਟਰੀ ਸਵੈਸੇਵਕ ਸੰਘ (ਆਰ ਐੱਸ ਐੱਸ) ਦੇ ਇਕ ਵਰਕਰ ਵੱਲੋਂ ਦਾਇਰ ਕੀਤੇ ਗਏ ਮਾਣਹਾਨੀ ਕੇਸ ਵਿੱਚਅੱਜ ਵੀਰਵਾਰ ਨੂੰ ਕਾਂਗਰਸ ਦੇ ਅਸਤੀਫਾ ਦੇ ਚੁੱਕੇ ਪ੍ਰਧਾਨ ਰਾਹੁਲ ਗਾਂਧੀ ਅਤੇ ਸੀ ਪੀ ਆਈ ਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਅਦਾਲਤ ਵਿੱ-ਚਆਪਣੇ ਆਪ ਨੂੰ ਬੇਕਸੂਰ ਕਿਹਾ, ਜਿਸ ਤੋਂ ਸਾਫ਼ ਹੈ ਕਿ ਉਹ ਇਸ ਕੇਸ ਦਾ ਸਾਹਮਣਾ ਕਰਨਗੇ। ਰਾਹੁਲ ਅਤੇ ਯੇਚੁਰੀ ਦੋਵਾਂ ਨੇ ਬੈਂਗਲੁਰੂ ਵਿਚ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਕਰਨ ਲਈ ਆਰ ਐੱਸ ਐੱਸ ਅਤੇ ਉਸ ਦੀ ਵਿਚਾਰਧਾਰਾ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਇਨ੍ਹਾਂ ਦੋਵਾਂ ਕੌਮੀ ਪੱਧਰ ਦੇ ਨੇਤਾਵਾਂ ਦੇ ਬਿਆਨ ਕਾਰਨਆਰ ਐੱਸ ਐੱਸ ਦੇ ਵਰਕਰ ਧਰੁਤੀਮਾਨ ਜੋਸ਼ੀ ਨੇ ਉਨ੍ਹਾਂ ਦੋਵਾਂ ਦੇ ਖ਼ਿਲਾਫ਼ ਮਾਣਹਾਨੀ ਕੇਸ ਦਾਇਰ ਕੀਤਾ ਸੀ, ਜਿਸ ਵਿਚ ਰਾਹੁਲ ਗਾਂਧੀ ਤੇ ਸੀਤਾਰਾਮ ਯੇਚੁਰੀ ਅੱਜ ਵੀਰਵਾਰ ਨੂੰ ਨਿੱਜੀ ਤੌਰ ਉੱਤੇ ਮੁੰਬਈ ਦੀ ਸ਼ਿਵਾੜੀ ਕੋਰਟ ਵਿਚ ਪੇਸ਼ ਹੋਏ। ਇਸ ਤੋਂ ਬਾਅਦ ਕੋਰਟ ਨੇ ਉਨ੍ਹਾਂ ਨੂੰ 15,000 ਰੁਪਏ ਦੇ ਨਿੱਜੀ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ। ਰਾਹੁਲ ਗਾਂਧੀ ਦੀ ਜ਼ਮਾਨਤ ਮੁੰਬਈ ਵਿਚਲੇ ਕਾਂਗਰਸ ਦੇ ਸਾਬਕਾ ਪਾਰਲੀਮੈਂਟ ਮੈਂਬਰ ਏਕਨਾਥ ਗਾਇਕਵਾੜ ਨੇ ਭਰੀ ਅਤੇ ਉਹ ਵਿਹਲੇ ਹੋ ਗਏ।

ਅਦਾਲਤ ਵਿੱਚ ਪੇਸ਼ੀ ਤੋਂ ਪਹਿਲਾਂ ਰਾਹੁਲ ਗਾਂਧੀ ਵੀਰਵਾਰ ਸਵੇਰੇ ਕਰੀਬ 10.15 ਵਜੇ ਮੁੰਬਈ ਪੁੱਜੇ ਸਨ। ਰਾਹੁਲ ਗਾਂਧੀ ਉੱਤੇ ਮਾਣਹਾਨੀ ਦਾ ਇਕ ਕੇਸ ਠਾਣੇ ਜ਼ਿਲੇ ਦੀ ਭਿਵੰਡੀ ਅਦਾਲਤ ਵਿਚ ਵੀ ਚੱਲਦਾ ਹੈ, ਜਿਹੜਾ ਮਹਾਤਮਾ ਗਾਂਧੀ ਦੇ ਕਤਲ ਲਈਆਰ ਐੱਸ ਐੱਸ ਨੂੰ ਜ਼ਿੰਮੇਵਾਰ ਦੱਸਣ ਉੱਤੇ ਆਰ ਐੱਸ ਐੱਸ ਦੇ ਇੱਕ ਵਰਕਰ ਨੇ ਕੀਤਾ ਸੀ।ਰਾਹੁਲ ਗਾਂਧੀ ਅੱਜ ਵੀਰਵਾਰ ਨੂੰ ਮਾਣਹਾਨੀ ਕੇਸ ਵਿੱਚ ਪੇਸ਼ ਹੋਣ ਮੁੰਬਈ ਵਿੱਚ ਸ਼ਿਵਾੜੀ ਦੀ ਕੋਰਟ ਵਿੱਚ ਪਹੁੰਚੇ ਤਾਂ ਅਦਾਲਤ ਅੱਗੇ ਕਾਂਗਰਸ ਸਮਰਥਕਾਂ ਦਾ ਵੱਡਾ ਇਕੱਠ ਸੀ। ਇਸ ਮੌਕੇ ਰਾਹੁਲ ਗਾਂਧੀ ਨਾਲ ਸੀਨੀਅਰ ਪਾਰਟੀ ਲੀਡਰ ਮਲਿਕਾਰਜੁਨ ਖੜਗੇ ਅਤੇ ਸਾਬਕਾ ਐੱਮ ਪੀ ਮਿਲਿੰਗ ਦੇਵੜਾ ਵੀ ਸਨ।

## ਪਾਕਿਸਤਾਨ ਦਾ ਦਾਅਵਾ: ਦਾਊਦ ਇਬਰਾਹੀਮ ਸਾਡੇ ਦੇਸ਼ ਵਿੱਚ ਕਿਤੇ ਨਹੀਂ

ਇਸਲਾਮਾਬਾਦ, 4 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਦਫਤਰ ਨੇ ਅੱਜ ਵੀਰਵਾਰ ਨੂੰ ਦਾਅਵਾ ਕੀਤਾ ਹੈ ਕਿ ਅੰਡਰਵਰਲਡ ਡਾਨ ਦਾਊਦ ਇਹਰਾਹੀਮ ਪਾਕਿਸਤਾਨ ਵਿੱਚਕਿਤੇ ਨਹੀਂ ਹੈ। ਅਸਲ ਵਿੱਚ ਸਿਰਫ ਇਕ ਦਿਨ ਪਹਿਲਾਂ ਬ੍ਰਿਟੇਨ ਦੀ ਇਕ ਅਦਾਲਤ ਨੂੰ ਇਹ ਦੱਸਿਆ ਗਿਆ ਸੀ ਕਿ 1993 ਦੇ ਮੁੰਬਈ ਬੰਬ ਧਮਾਕਿਆਂ ਦੇ ਕੇਸ ਵਿੱਚ ਲੋੜੀਂਦਾ ਬਦਨਾਮ ਗੈਂਗਸਟਰ ਦਾਊਦ ਇਹਰਾਹੀਮ ਇਸੇ ਦੇਸ਼ ਪਾਕਿਸਤਾਨ ਵਿੱਚ ਰਹਿ ਰਿਹਾ ਹੈ।

ਅੱਜ ਪਾਕਿਸਤਾਨ ਦੇ ਵਿਦੇਸ਼ ਦਫਤਰ ਦੇ ਬੁਲਾਰੇ ਮੁਹੰਮਦ ਫੈਸਲ ਨੇ ਆਪਣੀ ਹਫਤਾਵਾਰੀ ਪ੍ਰੈੱਸ ਕਾਨਫਰੰਸ ਮੌਕੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਦਾਊਦ ਇਬਰਾਹੀਮ ਪਾਕਿਸਤਾਨ ਵਿੱਚਨਹੀਂ ਹੈ। ਦਾਊਦ ਇਹਰਾਹੀਮ ਦੀ 'ਡੀ ਕੰਪਨੀ' ਵਜੋਂ ਜਾਣੇ ਜਾਂਦੇ ਗੈਂਗ ਦੇ ਇਕ ਪ੍ਰਮੁੱਖ ਕਾਰਿੰਦੇ ਜਾਬਿਰ ਮੋਤੀ ਦੀ ਹਵਾਲਗੀ ਦੇ ਕੇਸ ਦੀ ਸੁਣਵਾਈ ਮੌਕੇਲੰਡਨ ਦੀ ਵੈਸਮਿੰਸਟਰ ਕੋਰਟ ਨੂੰ ਬੁੱਧਵਾਰ ਦੱਸਿਆ ਗਿਆ ਸੀ ਕਿ ਦਾਊਦ ਇਹਰਾਹੀਮ 1993 ਵਿੱਚਭਾਰਤ ਦੇ ਮੁੰਬਈ ਵਿੱਚ ਹੋਏ ਲੜੀਵਾਰ ਧਮਾਕਿਆਂ ਦੇ ਕੇਸ ਵਿੱਚ ਲੋੜੀਂਦਾ ਹੈ ਤੇ ਉਹ ਇਸ ਵੇਲੇ ਪਾਕਿ-ਸਤਾਨ ਵਿੱਚ ਹੈ। ਇਨ੍ਹਾਂ ਧਮਾਕਿਆਂ ਵਿੱਚ 200 ਲੋਕ ਮਾਰੇ ਗਏ ਸਨ। ਜਾਬਿਰ ਮੋਤੀ ਦੇ ਵਕੀਲ ਐਡਵਰਡ ਫਿਟਜ਼ਗੇਰਾਲਡ ਵਲੋਂਉਸ ਦੀ ਹਵਾਲਗੀਦੇ ਲਈ ਪੜ੍ਹੇ ਗਏ ਅਮਰੀਕੀ ਅਟਾਰਨੀ ਦੇ ਐਫੀਡੇਵਿਟ ਦੇ ਇੱਕ ਹਿੱਸੇ ਮੁਤਾਬਕ ਡੀ ਕੰਪਨੀ ਦਾ ਸਰਗਣਾ ਦਾਊਦ ਇਬਰਾਹੀਮ ਇਸ ਵਕਤ ਪਾਕਿਸਤਾਨ ਵਿੱਚ ਹੈ। ਦਾਊਦ ਤੇ ਉਸ ਦਾ ਭਰਾ ਅਨੀਸ ਇਬਰਾਹੀਮ ਦੋਵੇਂ 1993 ਤੋਂਬਾਅਦ ਭਾਰਤ ਤੋਂ ਫਰਾਰ ਹਨ। ਉਨ੍ਹਾਂ ਦੱਸਿਆ ਕਿ ਮੌਜੂਦਾ ਜਾਂਚ ਤੋਂਪਤਾ ਲੱਗਾ ਹੈ ਕਿ ਜਾਬਿਰ ਮੋਤੀ ਸਿੱਧੇ ਦਾਊਦ ਇਬਰਾਹੀਮ ਨੂੰ ਰਿਪੋਰਟ ਦੇਂਦਾ ਸੀ। ਫਿਟਜ਼ਗੇਰਾਲਡ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਉਨ੍ਹਾਂ ਦੇ ਕਲਾਈਂਟ ਨੂੰ ਅਮਰੀਕੀ ਅਧਿਕਾਰੀਆਂ ਵਲੋਂਦਾਊਦ ਇਬਰਾਹੀਮ ਅਤੇ ਡੀ ਕੰਪਨੀ ਨਾਲ ਜੋੜਨ ਦਾ ਇਹ ਮਤਲਬ ਹੈ ਕਿ ਨਿਊਯਾਰਕ ਦੇ ਮੈਟ੍ਰੋਪਾਲਿਟਨ ਸੁਧਾਰ ਕੇਂਦਰ ਵਿੱਚਉਸ ਉੱਤੇ ਵਿਸ਼ੇਸ਼ ਪ੍ਰਸ਼ਾਸਨੀ ਕਾਰਵਾਈ ਹੋਵੇਗੀ, ਜਿਸ ਵਿੱਚ ਉਸ ਨੂੰ ਵੱਖਰਾ ਰੱਖਣਾ ਅਤੇ ਉਸ ਨੂੰ ਜੋਖਮ ਵਿੱਚ ਰੱਖਣਾ ਸ਼ਾਮਿਲ ਹੋ ਸਕਦਾ ਹੈ।ਅਮਰੀਕਾ ਦੀ ਸਰਕਾਰ ਮੁਤਾਬਕ ਦਾਊਦ ਇਬਰਾਹੀਮ ਅੱਤਵਾਦੀ ਸੰਗਠਨ ਅਲ ਕਾਇਦਾ ਨਾਲ ਕਰੀਬੀ ਸਬੰਧ ਰੱਖਦਾ ਸੀ, ਜਿਸ ਕਾਰਨ ਅਮਰੀਕਾ ਨੇ ਉਸ ਨੂੰ ਗਲੋਬਲ ਅੱਤਵਾਦੀ ਐਲਾਨ ਕੀਤਾ ਸੀ। ਦਾਊਦ ਦਾ ਸਹਿਯੋਗੀ ਜਾਬਿਰ ਵੀ ਮਨੀ ਲਾਂਡਰਿੰਗ, ਜਬਰੀ ਵਸੂਲੀ ਅਤੇ ਨਸ਼ੀਲੇ ਪਦਾਰਥ ਦੀ ਤਸਕਰੀ ਦੀ ਸਾਜ਼ਿਸ਼ ਰਚਣ ਦੇ ਦੋਸ਼ਾਂ ਲਈ ਅਮਰੀਕਾ ਨੂੰਹਵਾਲਗੀ ਦੇ ਕੇਸ ਦਾ ਸਾਹ-ਮਣਾ ਕਰ ਰਿਹਾ ਹੈ। ਉਸ ਨੂੰ ਸਕਾਟਲੈਂਡ ਯਾਰਡ ਪੁਲਸ ਦੇ ਅਧਿਕਾਰੀਆਂ ਨੇ ਅਗਸਤ 2018 ਨੂੰ ਲੰਡਨ ਦੇ ਇਕ ਹੋਟਲ ਤੋਂ ਗ੍ਰਿਫਤਾਰ ਕੀਤਾ ਸੀ।

## ਕੁਲਭੂਸ਼ਣ ਜਾਧਵ ਕੇਸ ਵਿੱਚ ਸੰਸਾਰ ਅਦਾਲਤ ਵੱਲੋਂ ਫੈਸਲਾ 17 ਜੁਲਾਈ ਨੂੰ

ਹੇਗ (ਨੀਦਰਲੈਂਡ), 4 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਦੀ ਜੇਲ ਵਿੱਚਜਾਸੂਸੀ ਦੇ ਦੋਸ਼ ਵਿੱਚਬੰਦ ਕੀਤੇ ਗਏ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਦੇ ਕੇਸ ਵਿੱਚ ਅੰਤਰਰਾਸ਼ਟਰੀ ਅਦਾਲਤ 17 ਜੁਲਾਈ ਨੂੰ ਆਪਣਾ ਫੈਸਲਾ ਦੱਸੇਗੀ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਸ ਬਾਰੇ ਹੋਰ ਕੋਈ ਸਪੱਸ਼ਟ ਜਾਣਕਾਰੀ ਦੇਣ ਤੋਂ ਮਨ੍ਹਾ ਕਰ ਦਿੱਤਾ ਹੈ। ਇਸ ਕੇਸ ਬਾਰੇ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਕਿ ਕੁਲਭੂਸ਼ਣ ਕੇਸ ਵਿੱਚ ਦਲੀਲਾਂ ਪੂਰੀਆਂ ਹੋ ਚੁੱਕੀਆਂ ਹਨ ਅਤੇ ਫੈਸਲੇ ਦੇ ਐਲਾਨ ਦੀ ਤਰੀਕ ਵੀ ਅੰਤਰਰਾਸ਼ਟਰੀ ਅਦਾਲਤ ਤੈਅ ਕਰੇਗੀ।

ਵਰਨਣ ਯੋਗ ਹੈ ਕਿ ਭਾਰਤੀ ਸਮੁੰਦਰੀ ਫੌਜ ਦੇ ਸਾਬਕਾ ਅਧਿਕਾਰੀ ਕੁਲਭੂਸ਼ਣ ਜਾਧਵ ਨੂੰ ਪਾਕਿਸਤਾਨ ਦੀ ਫੌਜੀ ਅਦਾਲਤ ਨੇ ਜਾਸੂਸੀ ਤੇ ਅੱਤਵਾਦ ਦੇ ਦੋਸ਼ ਵਿੱਚ ਅਪ੍ਰੈਲ 2017 ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਇਸ ਪਿੱਛੋਂ ਭਾਰਤ ਨੇ ਕੁਲਭੂਸ਼ਣ ਜਾਧਵ ਤੱਕ ਡਿਪਲੋਮੈਟਿਕ ਪਹੁੰਚ ਨਾ ਦੇਣ ਕਾਰਨ ਪਾਕਿਸਤਾਨ ਦੇ ਖਿਲਾਫ ਮਈ 2017 ਵਿੱਚ ਆਈਸੀਜੇ (ਇੰਟਰਨੈਸ਼ਨਲ ਕੋਰਟ ਆਫ ਜਸਟਿਸ) ਤੱਕ ਪਹੁੰਚ ਕੀਤੀ ਤੇ 48 ਸਾਲਾ ਕੁਲਭੂਸ਼ਣ ਜਾਧਵ ਦੇ ਖਿਲਾਫ ਪਾਕਿ-ਸਤਾਨ ਦੀ ਫੌਜੀ ਅਦਾਲਤ ਦੇ ਹਾਸੋਹੀਣੇ ਮੁਕੱਦਮੇ ਨੂੰ ਚੁਣੌਤੀ ਦਿੱਤੀ ਸੀ। ਆਈਸੀਜੇ ਨੇ 18 ਮਈ 2017 ਨੂੰ ਇਸ ਕੇਸ ਦੇ ਫੈਸਲੇ ਤੱਕ ਜਾਧਵ ਦੀ ਫਾਂਸੀਦੇਣ ਉੱਤੇ ਰੋਕ ਲਾ ਦਿੱਤੀ ਸੀ। ਅੰਤਰਰਾਸ਼ਟਰੀ ਅਦਾਲਤ ਨੇ ਪਿਛਲੇ ਫਰਵਰੀ ਵਿੱਚ ਚਾਰ ਦਿਨ ਸੁਣਵਾਈ ਕੀਤੀ ਸੀ, ਜਿਸਦੌਰਾਨ ਭਾਰਤ ਤੇ ਪਾਕਿਸਤਾਨ ਦੋਵਾਂ ਨੇ ਆਪਣੀਆਂ ਦਲੀਲਾਂ ਰੱਖੀਆਂ ਸਨ।ਭਾਰਤ ਨੇ ਆਈਸੀਜੇ ਨੂੰ ਜਾਧਵ ਦੀ ਮੌਤ ਦੀ ਸਜ਼ਾ ਰੱਦ ਕਰਨ ਤੇ ਉਸ ਦੀ ਤੁਰੰਤ ਰਿਹਾਈ ਦਾ ਹੁਕਮ ਦੇਣ ਦੀ ਅਪੀਲ ਕੀਤੀ ਤੇ ਕਿਹਾ ਕਿ ਪਾਕਿ-ਸਤਾਨ ਦੀ ਫੌਜੀ ਅਦਾਲਤ ਦਾ ਫੈਸਲਾ ਹਾਸੋਹੀਣੇ ਕੇਸ ਉੱਤੇ ਖੜ੍ਹਾ ਹੈ ਤੇ ਸਹੀ ਅਦਾਲਤੀ ਪ੍ਰਕਿਰਿਆ ਦੇ ਘੱਟੋ-ਘੱਟ ਸਟੈਂਡਰਡਜ਼ ਬਾਰੇ ਵੀ ਸੰਤੁਸ਼ਟ ਨਹੀਂ ਕਰ ਸਕਦਾ।

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

CHATHAM KENT $85,000 — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very Low Vacancy In The Neighbourhood .

MISSISAUGA $169,900 — Photo Not Available — 7215 Goreway Dr 70 : Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco,LCBO.

BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Potential Money Making Opportunity, Seating For Up To 10 People.

BRAMPTON $229,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . Flexible Business Hours. Serving Both Indian & Canadian Items. Will Not Last Long!

MISSISSAUGA $449,000 — Photo Not Available — 5100 Erin Mills Pkwy 2E220: Fantastic Franchise Opportunity Of Awaits!! Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable Industrial area. Sales Are 50K / Month

BRAMPTON $129,000 — Photo Not Available — 10095 Bramalea Rd 104 : Well Established Pizza & Curry Restaurant Very Profitable Business, Open 7 Days Excellent Monthly $ Producing Business. In One Of The Most Sought Out Locations. You Will Not Be Disappointed. Sale $35,000- 40,000

BRAMPTON $189,000 — Photo Not Available — 8770 The Gore Rd 6: Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic & Great Exposure, Sales Are Over 30K / Month

TORONTO $535,800 — Don Mills/Steeles : Live In The Most Sought After Area In A Well Maintained 3 Bedrooms Apartment + Den With All The Conveniences. Best Schools, Arbor Glen Elementary, Highland Secondary & A.Y. Steps To all amenities.

TORONTO $673,800 — Lawrence/ Port Union: Well Maintained Recently Renovated 3Br 3Wr, Beautiful House In A Great Location. Huge Kitchen With Brand New Countertop. Walkout To Back Yard, Spacious Bdrms And Mbr With 4 Pc Ensuite. New Laminate In L & D & 3 Brs. Bathrooms Recently Renovated.

BRAMPTON $330,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.

TORONTO $569,000 — Warden & Steeles : Penthouse Masterpiece! Modern And Spacious. You Won't Find Another Gem Like This In The Area!! Condo Features: Unobstructed View, Large Living Room, Brand New Kitchen Custom Cabinetry, Induction Stove, "High-End" Faucets,

BRAMPTON $639,000 — Photo Not Available — 50 Lacoste Blvd: Everything Ready To Go. No Need To Spend A Penny. This Comes With Full Improvements Including 8 Station Chairs & 8 Tables. Beautiful Reception Desk. 2 Spa Rooms, Tv, Washer, Fridge And Lots More As Someone Is Running Business In The Leased Premises.

BRANTFORD $499,000 — Photo Not Available — 639 Collarbone St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

New Tecumseth $899,800 — 73 Morrison Ave: One Of A Kind Home With Custom Design Changes, Butlers Pantry, Main Floor Laundry & Added Sq Ft! 9' +/- Main Floor Ceilings, Under-Mount Kitchen Sink, Wall-Mount Pot Filler. Entrance To Garage From Home. Finished Basement.

MISSISSAUGA $635,000 — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

WOODSTOCK $1,125,000 — 257 Dundas St: Fantastic Investment Opportunity!! Brand New Built Store Front W/Apt, Situated In A Prime Location In Woodstock, Retail Area 1500 Sq Ft & Basement Included For Storage, 3 Bedroom Apartment On Upper Level, Brand New Built.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing In:
- Collision • Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
Satnam Singh Lic. Auto Body Technician
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਨੇ 'ਮਲਟੀਕਰਚਰਲ ਡੇਅ' ਮਨਾਇਆ





ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 30 ਜੂਨ ਨੂੰ ਹਾਰਟਲੇਕ ਕਨਜ਼ਵੇਸ਼ਨ ਏਰੀਆ ਬਰੈਂਪਟਨ ਦੇ ਹਰਿਆਵਲੇ ਪਿਕਨਿਕ ਸਪੌਟ ਵਿਖੇ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਬਰੈਂਪਟਨ (ਕੈਨੇਡਾ) ਵੱਲੋਂ ਕੈਨੇਡਾ-ਡੇਅ ਦੇ ਨਾਲ ਜੋੜ ਕੇ ਮਲਟੀਕਲਚਰਲ ਦਿਵਸ ਬੜੀ ਧੂਮ-ਧਾਨ ਨਾਲ ਮਨਇਆ ਗਿਆ ਜਿਸ ਵਿਚ ਕਲੱਬ ਦੇ 120 ਮੈਂਬਰਾਂ ਨੇ ਪਰਿਵਾਰਾਂ ਸਮੇਤ ਬੜੇ ਉਤਸ਼ਾਹ ਨਾਲ ਸ਼ਿਰਕਤ ਕੀਤੀ। ਕਲੱਬ ਦੇ ਪ੍ਰਧਾਨ ਗੁਰਚਰਨ ਸਿੰਘ ਖੱਖ ਨੇ ਆਏ ਹੋਏ ਮੈਂਬਰਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਕਾਰਜਕਾਰਨੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਦੀ ਰੂਪ-ਰੇਖਾ ਬਿਆਨ ਕੀਤੀ।

ਪ੍ਰੋਗਰਾਮ ਦਾ ਆਰੰਭ ਹਰਮਿੰਦਰ ਸਿੰਘ ਅਲੱਗ ਵੱਲੋਂ ਗਾਏ ਗਏ ਇਕ ਸ਼ਬਦ ਨਾਲ ਕੀਤੀ ਗਈ। ਉਪਰੰਤ, ਕੈਨੇਡਾ ਦੇ ਰਾਸ਼ਟਰੀ-ਗੀਤ 'ਓ ਕੈਨੇਡਾ' ਦਾ ਗਾਇਨ ਕੀਤਾ ਗਿਆ। ਓਕਵਿਲ ਤੋਂ ਆਏ ਪਰਗਟ ਸਿੰਘ ਬੱਗਾ ਨੇ ਦਿਲਚ-ਸਪ ਹਾਸਰਸ-ਕਵਿਤਾ ਨਾਲ ਸਮੂਹ ਮੈਂਬਰਾਂ ਦਾ ਖ਼ੂਬ ਮਨੋਰੰਜਨ ਕੀਤਾ। ਸੁਖਦੇਵ ਸਿੰਘ ਬੇਦੀ ਨੇ 112 ਸਾਲਾ ਪਹਿਲਾਂ ਸਥਾਪਿਤ ਕੀਤੇ ਗਏ ਪੰਜਾਬ ਐਂਡ ਸਿੰਧ ਬੈਂਕ ਦੇ ਇਤਿਹਾਸ ਦਾ ਵਰਨਣ ਕਰਦਿਆਂ ਹੋਇਆਂ ਇਸ ਦੇ ਬਾਨੀ ਚੇਅਰਮੈਨ ਡਾ. ਇੰਦਰਜੀਤ ਸਿੰਘ ਹੋਰਾਂ ਦੇ ਯੋਗਦਾਨ ਬਾਰੇ ਭਰਪੂਰ ਚਾਨਣਾ ਪਾਇਆ। ਮਲੂਕ ਸਿੰਘ ਕਾਹਲੋਂ ਨੇ ਵੀ ਡਾ. ਇੰਦਰਜੀਤ ਸਿੰਘ ਵੱਲੋਂ ਆਰੰਭੇ ਗਏ ਇਸ ਮਹਾਨ ਕਾਰਜ ਦੀ ਸਰਾਹਨਾ ਕਰਦਿਆਂ ਹੋਇਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਮੁੱਲਵਾਨ ਗੱਲਾਂ ਕੀਤੀਆਂ। ਸ੍ਰੀਮਤੀ ਕੰਵਲਜੀਤ ਕੌਰ ਖੱਖ ਨੇ ਪੰਜਾਬੀ ਜੀਵਨ ਨਾਲ ਜੁੜੀਆਂ ਬੁਝਾਰਤਾਂ ਪਾ ਕੇ ਸਮਾਗ਼ਮ ਨੂੰ ਇਕ ਵੱਖਰਾ ਰੰਗ ਪ੍ਰਦਾਨ ਕੀਤਾ। ਏਸੇ ਤਰ੍ਹਾਂ ਸ੍ਰੀਮਤੀ ਵਿਆਸ ਨੇ ਹਾਜ਼ਰੀਨ ਨੂੰ ਕੁਝ ਅਨੋਖੇ ਪ੍ਰਸ਼ਨ ਪੁੱਛ ਕੇ ਜੇਤੂਆਂ ਨੂੰ ਇਨਾਮ ਦਿੱਤੇ। ਗਾਇਕਾ ਮੀਤਾ ਖੰਨਾ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿਚ ਇਕ ਪੰਜਾਬੀ ਲੋਕ-ਗੀਤ ਪੇਸ਼ ਕੀਤਾ ਗਿਆ। ਕਲੱਬ ਦੇ ਜਨਰਲ ਸਕੱਤਰ ਹਰਚਰਨ ਸਿੰਘ ਨੇ ਕਲੱਬ ਦਾ ਲੇਖਾ-ਜੋਖਾ ਮੈਂਬਰਾਂ ਦੇ ਸਨਮੁੱਖ ਰੱਖਿਆ ਅਤੇ ਭਵਿੱਖ ਵਿਚ ਉਲੀਕੇ ਪ੍ਰੋਗਰਾਮਾਂ ਦਾ ਵੇਰਵਾ ਦੱਸਿਆ। ਸਿਟੀ ਕਾਊਂਸਲ ਵੱਲੋਂ ਕਲੱਬ ਨੂੰ ਦਿੱਤੀ ਗਈ ਗਰਾਂਟ ਦੀ ਮੈਂਬਰਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਇਸ ਦੌਰਾਨ ਕਲੱਬ ਦੇ ਮੇਲ-ਮੈਂਬਰਾਂ ਵੱਲੋਂ ਭੰਗੜਾ ਅਤੇ ਬੀਬੀਆਂ ਵੱਲੋਂ ਗਿੱਧਾ ਪਾ ਕੇ ਇਸ ਪ੍ਰੋਗਰਾਮ ਨੂੰ ਹੋਰ ਵੀ ਮਨੋਰੰਜਕ ਬਣਾਇਆ ਗਿਆ ਜਿਸ ਦਾ ਸਾਰੇ ਮੈਂਬਰਾਂ ਨੇ ਖ਼ੂਬ ਅਨੰਦ ਮਾਣਿਆ। ਚੱਲਦੇ ਪ੍ਰੋਗਰਾਮ ਦੌਰਾਨ ਬਰੈਂਪਟਨ ਦੇ ਮਸ਼ਹੂਰ 'ਆਗਰਾ ਸਵੀਟਸ' ਵੱਲੋਂ ਸਨੈਕਸ, ਚਾਹ, ਕੌਫ਼ੀ ਅਤੇ ਦੁਪਹਿਰ ਦੇ ਖਾਣੇ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਕਲੱਬ ਵੱਲੋਂ ਮਨਾਏ ਇਸ ਮਲਟੀਕਲਚਰਲ ਡੇਅ ਦੇ ਸ਼ਾਨਦਾਰ ਪ੍ਰਬੰਧ ਦੀ ਮੈਂਬਰਾਂ ਵੱਲੋਂ ਸਰਾਹਨਾ ਕੀਤੀ ਗਈ ਅਤੇ ਇਸ ਤੋਂ ਅਗਲੇ ਦਿਨ ਪਹਿਲੀ ਜੁਲਾਈ ਨੂੰ ਆਉਣ ਵਾਲੇ 'ਕੈਨੇਡਾ ਡੇਅ' ਦੀਆਂ ਵਧਾਈਆਂ ਇਕ ਦੂਸਰੇ ਨਾਲ ਸਾਂਝੀਆਂ ਕੀਤੀਆਂ ਗਈਆਂ। ਇਸ ਦੌਰਾਨ ਮਲੂਕ ਸਿੰਘ ਕਾਹਲੋਂ ਵੱਲੋਂ ਇਹ ਜਾਣਕਾਰੀ ਸਾਂਝੀ ਕੀਤੀ ਗਈ ਕਿ ਪਰਗਟ ਸਿੰਘ ਬੱਗਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਹਿਯੋਗ ਨਾਲ ਨੂੰ ਬਰੈਂਪਟਨ ਦੇ ਨੇੜਲੇ ਸ਼ਹਿਰ ਓਕਵਿਲ ਵਿਚ 20 ਜੁਲਾਈ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾਵਾਂ ਦੇ ਸਾਂਝੇ ਮੁਸ਼ਾਹਿਰੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਲੱਬ ਦੇ ਮੈਂਬਰਾਂ ਨੂੰ ਇਸ ਵਿਚ ਵੱਧ ਤੋਂ ਵੱਧ ਗਿਣਤੀ ਵਿਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ। ਇਸ ਯਾਦਗਾਰੀ ਮਲਟੀਕਲਚਰਲ ਸਮਾਗ਼ਮ ਵਿਚ ਮਨਜੀਤ ਸਿੰਘ ਗਿੱਲ, ਸੁਰਜੀਤ ਸਿੰਘ ਸੰਧੂ, ਐੱਚ.ਐੱਸ. ਸੰਧੂ, ਰਾਮ ਸਿੰਘ, ਗਿਆਨ ਪਾਲ, ਮੁਖਤਾਰ ਸਿੰਘ ਮੁਲਤਾਨੀ, ਆਦਿ ਤੋਂ ਇਲਾਵਾ ਬੀਤੇ ਦਿਨੀਂ ਭਾਰਤ ਤੋਂ ਆਏ ਮਨਜੀਤ ਸਿੰਘ (ਗੁਰਦਾਸਪੁਰ), ਵਰਿਆਮ ਸਿੰਘ (ਅੰਮ੍ਰਿਤਸਰ), ਗੋਬਿੰਦ ਸਿੰਘ, ਦਵਿੰਦਰ ਸਿੰਘ ਸੰਧੂ ਵੀ ਸ਼ਾਮਲ ਹੋਏ ਜਿਨ੍ਹਾਂ ਨੂੰ ਕਲੱਬ ਦੇ ਮੈਂਬਰਾਂ ਵੱਲੋਂ ਨਿੱਘੀ 'ਜੀ ਆਇਆਂ' ਕਹੀ ਗਈ।

# ਸੈਂਡਲਵੁੱਡ ਸੀਨੀਅਰ ਕਲੱਬ ਵੱਲੋਂ ਤਾਸ਼ ਮੁਕਾਬਲੇ 3 ਅਗਸਤ ਨੂੰ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ): ਸੈਂਡਲਵੁੱਡ ਸੀਨੀਅਰ ਕਲੱਬ ਦੇ ਮੈਂਬਰਾਂ ਵਲੋਂ 3 ਅਗਸਤ 2019, ਦਿਨ ਸ਼ਨਿਚਰਵਾਰ ਨੂੰ ਕੈਸੀ ਕੈਂਬਲ ਕਮਿਊਨਿਟੀ ਸੈਂਟਰ, ਜੋ ਸੈਂਡਲਵੁਡ ਪਾਰਕਵੇ ਅਤੇ ਚਿੰਕੂਜ਼ੀ ਸੜਕ ਦੇ ਖੂੰਜੇ ਹੈ, ਵਿਖੇ ਸਵੇਰੇ 11 ਵਜੇ ਤਾਸ਼ (ਸਵੀਪ) ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਦੀਆਂ ਐਂਟਰੀਆ ਸਵੇਰੇ 10 ਤੋਂ 11 ਵਜੇ ਤੱਕ ਪਾਈਆਂ ਜਾਣਗੀਆਂ, ਅਤੇ ਐਂਟਰੀ ਫੀਸ 10 ਡਾਲਰ ਹੋਵੇਗੀ। ਪ੍ਰੋਗਰਾਮ ਸਮੇਂ ਕਮੇਟੀ ਵਲੋਂ ਖਾਣ ਪੀਣ ਦਾ ਖੁਲ੍ਹਾ ਪ੍ਰਬੰਧ ਕੀਤਾ ਜਾਵੇਗਾ। ਪੰਜਾਬ ਦੇ ਖੂੰਢਾਂ ਤੋਂ ਕਨੇਡਾ ਦੇ ਕਮਿਊਨਿਟੀ ਸੈਂਟਰਾਂ ਵਿਚਕਾਰ ਦੇ ਬਦਲ ਨੂੰ ਨਵੇਂ ਆਏ ਪੰਜਾਬੀ ਬਜ਼ੁਰਗ ਅਪਣੇ ਹੱਡੀਂ ਹੰਢਾਂਉਂਦੇ ਹਨ। ਬੇਸ਼ੱਕ ਸਾਰੇ ਸੰਗੀ ਸਾਥੀ ਜੋ ਉਹ ਛੱਡ ਕੇ ਆਏ ਹੁੰਦੇ ਹਨ, ਇਨ੍ਹਾਂ ਸੈਂਟਰਾਂ ਵਿਚ ਨਹੀਂ ਮਿਲਦੇ, ਪਰ ਸੀਨੀਅਰ ਕਲੱਬਾਂ ਵਿਚ ਰੱਲ ਮਿਲ ਉਹ, ਜਿਸ ਮੁਹੌਲ ਨੂੰ ਜੋ ਕਦੇ ਪੰਜਾਬ ਵਿਚ ਮਾਣਦੇ ਸੀ, ਸਿਰਜਣ ਲਈ ਅਪਣਾ ਪੂਰਾ ਤਾਣ ਲਾਉਂਦੇ ਹਨ। ਘਰ ਦੇ ਅਪਣੇ ਜਿੰਮੇ ਲੱਗੇ ਕੰਮਾਂ ਕਾਰਾਂ ਨੂੰ ਨਿਪਟਾ ਅਕਸਰ ਵੱਡੀ ਗਿਣਤੀ ਵਿਚ, ਬਜ਼ੁਰਗ, ਇਨ੍ਹਾਂ ਕਲੱਬਾਂ ਵਿਚ ਦੁਪਿਹਰ ਦਾ ਸਮਾਂ ਇਕੱਠੇ ਬੈਠ ਮਾਣਨ ਲਈ ਆਉਂਦੇ ਹਨ। ਹੋਰ ਮੰਨੋਰੰਜਣ ਤੋਂ ਇਲਾਵਾ, ਤਾਸ਼ ਦੀ ਬਾਜ਼ੀ, ਬਹੁਤਿਆਂ ਦੇ ਮੰਨ ਪ੍ਰਚਾਵੇ ਦਾ ਸਾਧਨ ਬਣਦੀ ਹੈ ਅਤੇ ਕਈ ਉਸ ਵਿਚਲੀ ਮੁਹਾਰਤ ਵਿਚ ਮਾਣ ਮਹਿਸੂਸ ਕਰਦੇ ਹਨ। ਇਸੇ ਮੁਹਾਰਤ ਦੇ ਮੁਕਾਬਲੇ ਕਰਵਾਉਣ ਲਈ, ਵੱਖ ਵੱਖ ਕਲੱਬਾਂ ਵਲੋਂ ਹਰ ਸਾਲ ਗਰਮੀ ਦੇ ਦਿਨੀ ਤਾਸ਼ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਗੱਲ ਨੂੰ ਮੁੱਖ ਰਖਕੇ, ਸੈਂਡਲਵੁੱਡ ਸੀਨੀਅਰ ਕਲੱਬ ਵਲੋਂ ਇਹ ਮੁਕਾ-ਬਲੇ ਅਪਣੇ ਵੱਲੋਂ ਪੂਰੀ ਤਨ ਦੇਹੀ ਨਾਲ ਕਰਵਾਏ ਜਾ ਰਹੇ ਹਨ, ਤਾਂ ਜੋ ਇਸ ਵਿਚ ਸ਼ਾਮਿਲ ਸਾਰੇ ਖਿਡਾਰੀਆਂ ਅਤੇ ਦਰਸ਼ਕਾਂ ਦਾ ਪੂਰਾ ਮਨਪ੍ਰਚਾਵਾ ਕੀਤਾ ਜਾ ਸਕੇ। ਇਸ ਸਮੇਂ ਖਾਣ ਪੀਣ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ। ਜੇਤੂ ਖਿਡਾਰੀਆਂ ਨੂੰ ਚੰਗੇ ਇਨਾਮਾਂ ਦਾ ਇੰਤਜਾਂਮ ਵੀ ਕੀਤਾ ਗਿਆ ਹੈ। ਇਨ੍ਹਾਂ ਮੁਕਾਬਲਿਆਂ ਦੇ ਨਿਯਮਾਂ ਬਾਰੇ ਦਸਦਿਆਂ ਕਲੱਬ ਦੇ ਪ੍ਰਧਾਨ ਸ: ਰਣਜੀਤ ਸਿੰਘ ਜੋਸ਼ਨ ਨੇ ਦੱਸਿਆ ਕਿ ਇਨ੍ਹਾਂ ਨੂੰ ਸੁਚਾਰੂ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ, ਕਲੱਬ ਦੇ ਨਾਮਜਦ ਮੈਂਬਰ ਰੈਫਰੀਆਂ ਦੀ ਜਿਮੇਵਾਰੀ ਨਿਭਾਉਣਗੇ ਅਤੇ ਕਿਸੇ ਵਿਵਾਦ ਦੀ ਸੂਰਤ ਵਿਚ ਕਮੇਟੀ ਦਾ ਫੈਸਲਾ ਅੰਤਿਮ ਮੰਨਿਆਂ ਜਾਵੇਗਾ।

ਇਸ ਕਲੱਬ ਬਾਰੇ ਜਾਂ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਰਣਜੀਤ ਸਿੰਘ ਜੋਸਨ (647 444 2005) ਜਾਂ ਨਗਿੰਦਰ ਸਿੰਘ (647 407 4308)ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਹੰਬਰ ਵੁੱਡ ਸੀਨੀਅਰ ਕਲੱਬ ਵੱਲੋਂ 2 ਜੁਲਾਈ ਨੂੰ ਕੈਨੇਡਾ ਡੇਅ ਮਨਾਇਆ ਗਿਆ। ਕਲੱਬ ਦੇ ਪ੍ਰਧਾਨ ਜੋਗਿੰਦਰ ਸਿੰਘ ਧਾਲੀਵਾਲ, ਚੇਅਰਮੈਨ ਬਚਿੱਤਰ ਸਿੰਘ ਰਾਏ ਉਪ ਪ੍ਰਧਾਨ ਸਰਵਨ ਸਿੰਘ ਹੇਅਰ, ਗੁਰਮੀਤ ਸਿੰਘ ਬਾਸੀ, ਪ੍ਰੀਤਮ ਸਿੰਘ ਮਾਵੀ, ਸੰਪੂਰਨ ਸਿੰਘ ਸ਼ਾਹੀ, ਡੀ.ਐੱਸ.ਪੀ. ਕਾਬਲ ਸਿੰਘ, ਸੰਤੋਖ ਸਿੰਘ ਉਪਲ, ਜੋਗਿੰਦਰ ਸਿੰਘ ਚੌਹਾਨ, ਅਮਰਜੀਤ ਸਿੰਘ ਸ਼ੇਰਗਿੱਲ ਨੇ ਕੈਨੇਡਾ ਡੇਅ ਦੀਆਂ ਵਧਾਈਆਂ ਦਿੱਤੀਆਂ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।



ਏਸ਼ੀਅਨ ਹੰਬਰ ਵੁਡ ਸੀਨੀਅਰ ਕਲੱਬ ਨੇ ਬੀਤੇ ਬੁੱਧਵਾਰ ਸਾਡੇ ਬਹੁਤ ਸੂਜਵਾਨ ਵਿਅਕਤੀ ਸਰਦਾਰ ਗੱਜਣ ਸਿੰਘ ਦਾ 90ਵਾਂ ਜਨਮ ਦਿਨ ਮਨਾਇਆ। ਬਹੁਤ ਜਿਨ੍ਹਾਂ ਦੇ ਗਲ ਵਿਚ ਸਰੋਪਾ ਹੈ ਗੱਜਣ ਸਿੰਘ ਖੜ੍ਹੇ ਹਨ। ਉਨਾਂ ਦੇ ਸੱਜੇ ਪ੍ਰਧਾਨ ਸੁਲੱਖਣ ਸਿੰਘ ਅੱਟਵਾਲ ਫਿਰ ਅਮਰੀਕ ਸਿੰਘ ਰਾਏ ਵਾਈਸ ਪ੍ਰਧਾਨ, .ਕੇਵਲ ਸਿੰਘ ਪੰਚ ਸੈਕਟਰੀ ਕੇਵਲ ਸਿੰਘ ਢਿੱਲੋਂ, ਖਜਾਨਚੀ ਖੱਬੇ ਗੁਰਦਿਆਲ ਸਿੰਘ ਕੰਗ ਜਨਰਲ ਸੈਕਟਰੀ ਸੁਰਜੀਤ ਸਿੰਘ ਮੁੱਖ ਸੇਵਾਦਾਰ ਤੇ ਡਰੈਕਟਰ ਖੜ੍ਹੇ ਹਨ। ਸਾਰੀ ਕਲੱਬ ਨੇ ਗੱਜਣ ਸਿੰਘ ਦੀ ਤੰਦਰੁਸਤੀ ਦੀ ਅਰਦਾਸ ਕੀਤੀ ਤੇ ਸਾਰਿਆਂ ਨੇ ਵਧਾਈਆਂ ਦਿਤੀਆਂ ਸਭ ਤੋਂ ਪਿੱਛੋਂ ਸੁਲੱਖਣ ਸਿੰਘ ਅਟਵਾਲ ਨੇ ਸਾਰਿਆਂ ਸੱਜਣਾਂ ਦਾ ਧੰਨਵਾਦ ਕੀਤਾ।

# ਐਸੋਸ਼ੀਏਸ਼ਨ ਵੱਲੋਂ ਫਿਊਨਰਲ ਰਜਿਸਟ੍ਰੇਸ਼ਨ ਫੀਸ ਭਲਕੇ ਸੰਬੰਧਿਤ ਵਿਅਕਤੀਆਂ ਨੂੰ ਮੋੜੀ ਜਾਵੇਗੀ

(ਹਰਜੀਤ ਬੇਦੀ): ਲੰਬੇ ਸਮੇਂ ਦੀ ਉਡੀਕ ਅਤੇ ਜਦੋ-ਜਹਿਦ ਤੋਂ ਬਾਦ 2015 ਤੋਂ ਪਹਿਲਾ ਸਸਤੇ ਫਿਊਨਰਲਲਈ ਚਾਰਜ ਕੀਤੀ ਫੀਸ 6 ਜੁਲਾਈ ਨੂੰ ਵਾਪਸ ਕੀਤੀ ਜਾ ਰਹੀ ਹੈ। ਐਸੋਸੋਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਦੇ ਪਰਬੰਧਕ ਕਮੇਟੀ ਵਲੋਂ ਮਿਲੀ ਸੂਚਨਾ ਅਨੁਸਾਰ ਲੋਕਾਂ ਨਾਲ ਕੀਤੇ ਵਾਅਦੇ ਮੁਤਾਬਕ ਇਹ ਪੈਸੇ 6 ਜੁਲਾਈ 2019 ਦਿਨ ਸ਼ਨੀਵਾਰ 11:00 ਤੋਂ 2:00 ਵਜੇ ਤੱਕ ਮਰੋਕ ਲਾਅ ਆਫਿਸ 60,ਮੈਰੀਟਾਈਮ ਓਨਟਾਰੀਓ ਬੁਲੇਵਾਡ ਬਰੈਂਪਟਨ ਐਲ 6 ਐਸ 0 ਈ 7 ਵਿਖੇ ਵਪਸ ਕੀਤੇ ਜਾਣਗੇ। ਜਿੰਨ੍ਹਾਂ ਵਿਅਕਤੀਆਂ ਨੇ ਰਸੀਦਾਂ ਅਤੇ ਫੋਗਲ ਫਿਊਨਰਲ ਹੋਮ ਦੀ ਰਜਿਸਟਰੇਸ਼ਨ ਜਮ੍ਹਾਂ ਕਰਵਾ ਦਿੱਤੀ ਹੈ ਉਹਨਾਂ ਦੀ ਐਸੋਸੀਏਸ਼ਨ ਵਲੋਂ ਬਣਾਈ ਚਾਰ ਮੈਂਬਰੀ ਕਮੇਟੀ ਨੇ ਛਾਣਬੀਣ ਕਰ ਲਈ ਹੈ। ਜਿਹਨਾਂ ਵਿਅਕਤੀਆਂ ਦੇ ਦਸਤਾਵੇਜ਼ ਸਹੀ ਹਨ ਉਹਨਾ ਨੂੰ ਫੋਨ ਰਾਹੀਂ ਵੀ ਸੂਚਨਾ ਦਿੱਤੀ ਜਾ ਰਹੀ ਹੈ। ਜਿਹਨਾਂ ਨੇ ਰਸੀਦਾਂ ਦੀਆਂ ਫੋਟੋਕਾਪੀਆਂ ਦਿੱਤੀਆਂ ਹਨ ਉਹਨਾਂ ਨੂੰ ਬੇਨਤੀ ਹੈ ਕਿ ਉਹ ਅਸਲ ਰਸੀਦਾਂ ਨਾਲ ਲੈ ਕੇ ਆਉਣ।

ਇਸ ਤੋਂ ਬਿਨਾਂ ਇਹ ਵਿਅਕਤੀ ਆਪਣਾ ਮੌਜੂਦਾ ਫੋਨ ਨੰਬਰ ਅਤੇ ਐਡਰੈਸ ਪੇਪਰ ਤੇ ਲਿਖ/ਲਿਖਵਾ ਕੇ ਲਿਆਉਣ ਜਾਂ ਆਪਣੀ ਐਡਰੈਸ ਆਈ ਡੀ ਲੈ ਕੇ ਆਉਣ। ਜਿਹੜੇ ਵਿਅਕਤੀ ਕਿਸੇ ਕਾਰਣ ਆਪਣੀਆਂ ਰਸੀਦਾਂ ਵਗੈਰਾ ਜਮ੍ਹਾਂ ਨਹੀਂ ਕਰਵਾ ਸਕੇ ਉਹਨਾਂ ਕੇਸਾਂ ਤੇ ਬਾਅਦ ਵਿੱਚ ਵਿਚਾਰ ਕੀਤਾ ਜਾਵੇਗਾ। ਐਸੋਸੀਏਸ਼ਨ ਵਲੋਂ ਸਬੰਧਤ ਵਿਅਕਤੀਆਂ ਨੂੰ ਸਮੇਂ ਸਿਰ ਪਹੁੰਚਣ ਦੀ ਬੇਨਤੀ ਹੈ ਤਾਂ ਜੋ ਲੰਬੇ ਸਮੇਂ ਤੋਂ ਉਡੀਕਿਆ ਜਾ ਰਿਹਾ ਕੰਮ ਨੇਪਰੇ ਚਾੜ੍ਹਿਆ ਜਾ ਸਕੇ। ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣ ਲਈ ਪਰਮਜੀਤ ਬੜਿੰਗ 647-963-0331,, ਬਲਵਿੰਦਰ ਬਰਾੜ 647-262-4026, ਨਿਰਮਲ ਧਾਰਨੀ 416-670-5874, ਜੰਗੀਰ ਸਿੰਘ ਸੈਂਭੀ 416-409-0126,ਦੇਵ ਸੂਦ 416-553-0722, ਕਰਤਾਰ ਚਾਹਲ 647-854-8746,, ਪਰੀਤਮ ਸਰਾਂ 416-833-0567 ਜਾਂ ਹਰਦਿਆਲ ਸੰਧੂ 647-686-4201 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਵੱਲੋਂ 'ਕੈਨੇਡਾ ਡੇਅ' ਪ੍ਰੋਗਰਾਮ 7 ਜੁਲਾਈ ਨੂੰ ਆਯੋਜਿਨ

ਬਰੈਂਪਟਨ, (ਡਾ.ਝੰਡ) -ਬੰਤ ਸਿੰਘ ਰਾਓ ਤੋਂ ਪ੍ਰਾਪਤ ਸੂਚਨਾ ਅਨੁਸਾਰ ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਵੱਲੋਂ 7 ਜੁਲਾਈ ਦਿਨ ਐਤਵਾਰ ਨੂੰ ਸਲੈੱਡ ਡੌਗ ਪਾਰਕ ਵਿਚ ਮਨਾਇਆ ਜਾ ਰਿਹਾ ਹੈ। ਇਹ ਪਾਰਕ ਫ਼ਾਦਰ ਟੌਬਿਨ ਰੋਡ ਅਤੇ ਮਾਊਂਟੇਨਐਸ਼ ਦੇ ਇੰਟਰਸੈੱਕਸ਼ਨ ਨੇੜੇ ਸਥਿਤ ਸ਼ਾਅ ਪਬਲਿਕ ਸਕੂਲ ਦੇ ਬਿਲਕੁਲ ਗਵਾਂਢ ਵਿਚ ਹੈ। ਪ੍ਰਬੰਧਕਾਂ ਦੁਆਰਾ ਉਲੀਕੇ ਗਏ ਇਸ ਸਮਾਗ਼ਮ ਦਾ ਸਮਾਂ ਸ਼ਾਮ 4.00 ਵਜੇ ਤੋਂ 7.00 ਵਜੇ ਤੱਕ ਰੱਖਿਆ ਗਿਆ ਹੈ ਅਤੇ ਇਸ ਵਿਚ ਸ਼ਿਰਕਤ ਕਰਨ ਲਈ ਬਰੈਂਪਟਨ ਸ਼ਹਿਰ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਸੱਦਾ-ਪੱਤਰ ਭੇਜੇ ਗਏ ਹਨ ਜਿਨ੍ਹਾਂ ਵਿਚ ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਵਾਰਡ ਨੰਬਰ 9-10 ਦੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ , ਸਿਟੀ ਕਾਊਂਸਲਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਬਰਬੀਰ ਸੋਹੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਗਵਾਂਢੀ ਸੀਨੀਅਰਜ਼ ਕਲੱਬਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਵੀ ਇਸ ਸਮਾਗ਼ਮ ਵਿਚ ਸ਼ਮੂਲੀਅਤ ਲਈ ਸੱਦਾ ਦਿੱਤਾ ਗਿਆ ਹੈ। ਸਮਾਗ਼ਮ ਦੌਰਾਨ ਸਨੈਕਸ ਤੇ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਏਗਾ। ਕਲੱਬ ਦੇ ਸਮੂਹ ਮੈਂਬਰਾਂ ਅਤੇ ਮਹਿਮਾਨਾਂ ਨੂੰ ਸਮਾਗ਼ਮ ਵਿਚ ਸਮੇਂ-ਸਿਰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਤੱਗੜ ਨੂੰ 416-878-3711 ਜਾਂ ਜਨਰਲ ਸਕੱਤਰ ਬੰਤ ਸਿੰਘ ਰਾਓ ਨਾਲ 905-861-1861 'ਤੇ ਸੰਪਰਕ ਕੀਤਾ ਜਾ ਸਕਦਾ ਹੈ।


KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

2019
ਦੁਖ ਭੰਜਨੁ ਤੇਰਾ ਨਾਮੁ ਮਿਸ਼ਨ,ਕਨੇਡਾ
ਦੁਖ ਰੋਗ ਨਿਵਾਰਨ ਕੈਂਪ
A CHARITABLE CANADIAN ORGANIZATION
ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ਾਂ ਭਰੀ ਪਵਿੱਤਰ ਹਜੂਰੀ ਅੰਦਰ ਸੰਗਤੀ ਰੂਪ ਵਿੱਚ ਅਨੇਕਾਂ ਵੀਰ-ਭੈਣ ਗੁਰਬਾਣੀ ਵਿੱਚ ਦੱਸੀ ਵਿਧੀ ਮੁਤਾਬਕ ਗੁਰਬਾਣੀ ਗਾਉਣ, ਸੁਣਨ ਅਤੇ ਭਾਣੇ ਤੇ ਭਰੋਸੇ ਨੂੰ ਸਮਝ ਕੇ ਮਨ ਵਿੱਚ ਵਸਾਉਣ ਨਾਲ ਪਹਿਲਾਂ ਲੱਗੇ ਕੈਂਪਾਂ ਵਿੱਚ ਅਪਣੇ ਦੁੱਖਾਂ, ਰੋਗਾਂ ਤੋਂ ਛੁਟਕਾਰਾ ਪਾ ਚੁਕੇ ਹਨ ।
ਆਓ! ਹੇਠਾਂ ਦੱਸੇ ਅਨੁਸਾਰ ਲੱਗਣ ਜਾ ਰਹੇ ਕੈਂਪਾਂ ਰਾਹੀਂ ਅਪਣੇ ਦੁੱਖਾਂ, ਰੋਗਾਂ ਅਤੇ ਵਿਘਨਾਂ ਤੋਂ ਛੁਟਕਾਰਾ ਪਾਈਏ।
ਨੋਟ: ਦੁਖ ਭੰਜਨੁ ਤੇਰਾ ਨਾਮੁ ਮਿਸ਼ਨ ਮੈਡੀਕਲ ਸਾਇੰਸ ਤੋਂ ਮਿਲਣ ਵਾਲੀ ਵਡਮੁੱਲੀ ਮੱਦਦ ਦਾ ਵਿਰੋਧੀ ਨਹੀਂ ਅਤੇ ਨਾ ਹੀ ਦੁਆਈ ਛੱਡਣ ਜਾਂ ਘਟਾਉਣ ਦੀ ਸਲਾਹ ਦਿੰਦਾ ਹੈ । ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰੋ ਜੀ ।

Malton Gurdwara Sahib
29 June to 2 July (Saturday to Tuesday): 1:00 PM to 6:40PM

Nanaksar Gurdwara Sahib
Gore Rd, Brampton
7 July to 11 July (Sunday to Thursday): 1:00PM to 7:00PM

GURDWARA SINGH SABHA, EDMONTON
19 July to 23 July (Friday to Tuesday): 12:00PM to 6:30PM

905-230-5977 • 905-781-2020
647-537-8246 • 416-662-3228



# ਸੰਪਾਦਕੀ

## ਮੋਹਰੀ ਹੋਣ ਦੇ ਬਾਵਜੂਦ ਫਾਡੀ ਬਣਦੇ ਜਾ ਰਹੇ ਕੰਜ਼ਰਵੇਟਿਵ-2

ਕੱਲ੍ਹ ਅਸੀਂ ਅਕਤੂਬਰ ਵਿੱਚ ਹੋਣ ਜਾ ਰਹੀਆਂ ਚੋਣਾਂ ਬਾਰੇ ਫੈਡਰਲ ਪੱਧਰ ਦੇ ਰੁਝਾਨਾਂ ਉੱਤੇ ਪੰਛੀ ਝਾਤ ਮਾਰਦੇ ਹੋਏ ਵੇਖਿਆ ਸੀ ਕਿ ਕਿਵੇਂ ਚੰਗੀ ਖਾਸੀ ਲੀਡ ਨੂੰ ਕੰਜ਼ਰਵੇਟਿਵ ਦਿਨੋਂ ਦਿਨ ਢਿੱਲੇ ਹੱਥਾਂ ਵਿੱਚ ਫੜੀ ਸਰੋਂ ਵਾਗੂੰ ਕੇਰਦੇ ਜਾ ਰਹੇ ਹਨ। ਜੇ ਇਸ ਰੁਝਾਨ ਨੂੰ ਅਸੀਂ ਉਂਟੇਰੀਓ ਦਾ ਲੈਂਜ਼ ਲਾ ਕੇ ਵੇਖਣ ਦੀ ਕੋਸ਼ਿਸ਼ ਕਰੀਏ ਤਾਂ ਕੰਜ਼ਰਵੇਟਿਵਾਂ ਲਈ ਤਸਵੀਰ ਹੋਰ ਵੀ ਧੁੰਦਲੀ ਬਣਦੀ ਜਾ ਰਹੀ ਹੈ। ਉਂਟੇਰੀਓ ਭਰ ਵਿੱਚ ਜੇ ਅੱਜ ਵੋਟਾਂ ਕਰਵਾਈਆਂ ਜਾਣ ਤਾਂ Calculated politics ਅਨੁਸਾਰ ਲਿਬਰਲਾਂ ਨੂੰ 36.9% ਵੋਟਰਾਂ ਦਾ ਸਮਰੱਥਨ ਮਿਲੇਗਾ ਜਦੋਂ ਕਿ ਕੰਜ਼ਰਵੇਟਿਵਾਂ ਦਾ ਗਰਾਫ 32.7% ਉੱਤੇ ਖੜਾ ਹੈ। ਵਰਨਣਯੋਗ ਹੈ ਕਿ ਮਾਰਚ 2019 ਤੋਂ ਬਾਅਦ ਕੰਜ਼ਰਵੇਟਿਵ ਸਾਰੇ ਸਰਵੇਖਣਾਂ ਵਿੱਚ ਅੱਗੇ ਚੱਲਦੇ ਆਏ ਹਨ ਪਰ ਮੱਧ ਜੂਨ ਵਿੱਚ ਆ ਕੇ ਅਚਾਨਕ ਹਾਲਾਤਾਂ ਨੇ ਅਜਿਹਾ ਚੱਕਰ ਲਿਆ ਹੈ ਕਿ ਕੰਜ਼ਰਵੇਟਿਵ ਪਿੱਛੇ ਜਾ ਡਿੱਗੇ ਹਨ।

ਬੀਤੇ ਦਿਨੀਂ ਪਬਲਿਕ ਸਕੁਐਰ ਰੀਸਰਚ ਵੱਲੋਂ ਕੀਤੇ ਗਏ ਇੱਕ ਸਰਵੇਖਣ ਦੇ ਨਤੀਜੇ ਦੱਸਦੇ ਹਨ ਕਿ ਬੇਸ਼ੱਕ ਮੂਲਵਾਸੀ ਵੋਟਰ ਲਿਬਰਲ ਪਾਰਟੀ ਨਾਲੋਂ ਟੁੱਟ ਕੇ ਹੋਰਾਂ ਖੇਮਿਆਂ ਵਿੱਚ ਸ਼ਾਮਲ ਹੋ ਰਹੇ ਹਨ ਪਰ ਪਰਵਾਸੀਆਂ ਵਿੱਚ ਹਾਲੇ ਵੀ ਲਿਬਰਲ ਪਾਰਟੀ ਲਈ ਆਕਰਸ਼ਣ ਬਣਿਆ ਹੋਇਆ ਹੈ। ਪਰਵਾਸੀਆਂ ਦੇ ਸੰਦਰਭ ਵਿੱਚ ਗਰੇਟਰ ਟੋਰਾਂਟੋ ਏਰੀਆ ਹੀ ਸੱਭ ਤੋਂ ਵੱਧ ਮਾਅਨੇ ਰੱਖਦਾ ਹੈ ਜਿੱਥੇ ਲਗਭੱਗ ਸਾਰੀਆਂ ਸੀਟਾਂ ਦਾ ਫੈਸਲਾ ਪਰਵਾਸੀ ਵੋਟਰਾਂ ਸਹਾਰੇ ਹੁੰਦਾ ਹੈ। ਸਮੁੱਚੇ ਗਰੇਟਰ ਟੋਰਾਂਟੋ ਏਰੀਆ ਵਿੱਚ ਇੱਕਾ ਦੁੱਕਾ ਰਾਈਡਿੰਗਾਂ ਨੂੰ ਛੱਡ ਕੇ ਅਜਿਹੀਆਂ ਰਾਈਡਿੰਗਾਂ ਲੱਭਣੀਆਂ ਔਖੀਆਂ ਹਨ ਜਿੱਥੇ ਕੰਜ਼ਰਵੇਟਿਵ ਮੂਹਰੇ ਚੱਲ ਰਹੇ ਹੋਣ।

ਜੇ ਪੀਲ ਰੀਜਨ ਦੀ ਗੱਲ ਕੀਤੀ ਜਾਵੇ ਤਾਂ ਸੱਭ ਤੋਂ ਪਹਿਲਾਂ ਖਿਆਲ ਬਰੈਂਪਟਨ ਈਸਟ ਵੱਲ ਜਾਂਦਾ ਹੈ ਜਿੱਥੇ ਜੀ ਟੀ ਏ ਵਿੱਚ ਸੱਭ ਤੋਂ ਵੱਧ ਗਿਣਤੀ ਵਿੱਚ ਪਰਵਾਸੀ ਵੋਟਰ, 70% ਦੇ ਕਰੀਬ ਵੱਸਦੇ ਹਨ। ਇਸ ਰਾਈਡਿੰਗ ਵਿੱਚ ਜੇ ਅੱਜ ਚੋਣਾਂ ਕਰਵਾ ਲਈਆਂ ਜਾਣ ਤਾਂ ਲਿਬਰਲ ਉਮੀਦਵਾਰ ਦੇ ਜਿੱਤਣ ਦੇ 43% ਚਾਂਸ ਹਨ ਜਦੋਂ ਕਿ ਕੰਜ਼ਰਵੇਟਿਵ ਉਮੀਦਵਾਰ ਨੂੰ ਸਿਰਫ਼ 23% ਵੋਟਾਂ ਮਿਲਣ ਦੀ ਆਸ ਹੈ। ਬਰੈਂਪਟਨ ਦੀਆਂ ਰਾਈਡਿੰਗਾਂ ਵਿੱਚੋਂ ਇਹੋ ਇੱਕ ਰਾਈਡਿੰਗ ਹੈ ਜਿੱਥੇ 'ਐਨ ਡੀ ਪੀ' ਵੀ ਕੰਜ਼ਰਵੇਟਿਵਾਂ ਦੇ 23% ਸਮਰੱਥਨ ਦੇ ਬਰਾਬਰ ਖੜੀ ਹੈ। ਇਸ ਰਾਈਡਿੰਗ ਤੋਂ ਐਨ ਡੀ ਪੀ ਲਈ ਉਮੀਦਵਾਰ ਸ਼ਰਨਜੀਤ ਚੀਮਾ ਦੇ ਹੋਣ ਦੀ ਚਰਚਾ ਹੈ ਜੋ ਕਿ ਇੱਕ ਲੇਬਰ ਮਸਲਿਆਂ ਦੇ ਮਾਹਰ ਵਕੀਲ ਹਨ। ਸ੍ਰੀ ਚੀਮਾ ਨੇ ਲੰਬੇ ਸਮੇਂ ਤੱਕ ਪਾਰਟੀ ਆਗੂ ਜਗਮੀਤ ਸਿੰਘ ਲਈ ਕੰਮ ਕੀਤਾ ਹੈ। ਹੁਣ ਵੇਖਣਾ ਹੋਵੇਗਾ ਕਿ ਜਗਮੀਤ ਸਿੰਘ ਵੱਲੋਂ ਸ਼ਰਨਜੀਤ ਚੀਮਾ ਨੂੰ ਕਿਹੋ ਜਿਹਾ ਸਮਰੱਥਨ ਦਿੱਤਾ ਜਾਵੇਗਾ। ਕੰਜ਼ਰਵੇਟਿਵ ਉਮੀਦਵਾਰ ਰੋਮਾਨਾ ਸਿੰਘ ਬੇਸ਼ੱਕ ਕਾਫੀ ਮਿਹਨਤ ਕਰ ਰਹੀ ਹੈ ਪਰ ਬਾਹਰੋਂ ਆਈ ਹੋਣ ਕਾਰਣ ਉਸ ਕੋਲ ਕਮਿਉਨਿਟੀ ਵਿੱਚ ਮਜ਼ਬੂਤ ਆਧਾਰ ਦੀ ਕਮੀ ਹੈ। ਲਿਬਰਲ ਨੌਮੀਨੇਸ਼ਨ ਹਾਲੇ ਹੋਣੀ ਬਾਕੀ ਹੈ ਪਰ ਚਰਚਾ ਹੈ ਕਿ ਇਸ ਰਾਈਡਿੰਗ ਤੋਂ ਕੈਨੇਡਾ ਦੇ ਜੰਮਪਲ ਅਤੇ ਉੱਚ ਸਿੱਖਿਆ ਪ੍ਰਾਪਤ ਉਮੀਦਵਾਰ ਦੇ ਅੱਗੇ ਆਉਣ ਦੀ ਚਰਚਾ ਹੈ ਜਿਸਦਾ ਕਮਿਉਨਿਟੀ ਵਿੱਚ ਕਾਫ਼ੀ ਚੰਗਾ ਅਸਰ ਰਸੂਖ ਹੈ।

ਬਰੈਂਪਟਨ ਵੈਸਟ ਵਿੱਚ ਵਰਤਮਾਨ ਲਿਬਰਲ ਐਮ ਪੀ ਕਮਲ ਖੈਹਰਾ ਨੂੰ ਮਿਲ ਰਹੇ 48% ਸਮਰੱਥਨ ਦੇ ਮੁਕਾਬਲੇ ਕੰਜ਼ਰਵੇਟਿਵ ਦੇ ਉਮੀਦਵਾਰ ਮੁਰਾਰੀਲਾਲ ਥਪਲਿਆਲ ਦਾ 30% ਉੱਤੇ ਹੋਣਾ ਤਸਵੀਰ ਨੂੰ ਕਿਸੇ ਹੱਦ ਤੱਕ ਖੁਦ ਹੀ ਬਿਆਨ ਕਰਦਾ ਹੈ। ਐਨ ਡੀ ਪੀ ਲਈ ਉਮੀਦਵਾਰ ਨਵਜੀਤ ਕੌਰ ਦਾ ਨਾਮ ਚਰਚਾ ਵਿੱਚ ਹੈ ਪਰ ਉਹ ਆਪਣਾ ਕਿੰਨਾ ਕੁ ਆਧਾਰ ਬਣਾ ਸਕੇਗੀ, ਇਸ ਬਾਰੇ ਹਾਲ ਦੀ ਘੜੀ ਆਖਣਾ ਮੁਸ਼ਕਲ ਹੈ। ਇਵੇਂ ਹੀ ਬਰੈਂਪਟਨ ਸਾਊਥ ਵਿੱਚ ਲਿਬਰਲ ਐਮ ਪੀ ਸੋਨੀਆ ਸਿੱਧੂ ਲਈ 44% ਦੇ ਮੁਕਾਬਲੇ ਕੰਜ਼ਰਵੇਟਿਵ ਰਮਨ ਬਰਾੜ ਲਈ ਅੱਜ ਮਿਲ ਰਹੇ 35% ਸਮਰੱਥਨ ਦੇ ਸਹਾਰੇ ਇਸ ਕਿਲੇ ਨੂੰ ਤੋੜਨਾ ਕਾਫੀ ਮੁਸ਼ਕਲ ਜੰਗ ਹੋਵੇਗੀ। ਬਰੈਂਪਟਨ ਸੈਂਟਰ ਵਿੱਚ ਰਾਮੇਸ਼ਵਰ ਸੰਘਾ ਐਮ ਪੀ ਲਈ 44% ਸਮਰੱਥਨ ਹੈ ਜਦੋਂ ਕਿ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਪਵਨਦੀਪ ਗੋਸਲ ਲਈ ਅੱਜ ਦੇ ਦਿਨ ਸਮਰੱਥਨ 31% ਹੈ। ਮੁੱਕਦੀ ਗੱਲ ਇਹ ਕਿ ਬਰੈਂਪਟਨ ਦੀ ਸਿਰਫ਼ ਬਰੈਂਪਟਨ ਨੌਰਥ ਰਾਈਡਿੰਗ ਹੀ ਅਜਿਹੀ ਹੈ ਜਿੱਥੇ ਕੰਜ਼ਰਵੇਟਿਵ ਉਮੀਦਵਾਰ ਅਰਪਣ ਖੰਨਾ (34%) ਵੱਲੋਂ ਲਿਬਰਲ ਐਮ ਪੀ ਰੂਬੀ ਸਹੋਤਾ (39%) ਨੂੰ ਸਖ਼ਤ ਮੁਕਾਬਲਾ ਦਿੱਤੇ ਜਾਣ ਦੀ ਉਮੀਦਵਾਰ ਹੈ। ਇਸਦਾ ਇੱਕ ਵੱਡਾ ਕਾਰਣ ਅਰਪਣ ਖੰਨਾ ਦਾ ਖੁਦ ਇੱਕ ਹਿੰਮਤੀ ਅਤੇ ਸਿਆਸਤ ਪੱਖੋਂ ਹੰਢਿਆ ਵਰਤਿਆ ਆਗੂ ਹੋਣਾ ਹੈ। ਉਹ 'ਜੋ ਪਾਰਟੀ ਦਾ ਸਟੈਂਡ ਉਹੀ ਮੇਰਾ ਸਟੈਂਡ' ਵਰਗੀਆਂ ਗੱਲਾਂ ਕਰਨ ਵਾਲਾ ਨਹੀਂ ਸਗੋਂ ਮਸਲਿਆਂ ਨੂੰ ਸਮਝ ਕੇ ਦਲੀਲ ਦੇਣ ਦੇ ਕਾਬਲ ਹੈ।

ਐਨ ਡੀ ਪੀ ਨੇ ਜਿਹੜੇ ਚਾਰ ਉਮੀਦਵਾਰ ਬਰੈਂਪਟਨ ਈਸਟ (ਸ਼ਰਨਜੀਤ ਚੀਮਾ), ਬਰੈਂਪਟਨ ਸਾਊਥ (ਮੈਂਡੀ ਬਰਾੜ), ਅਤੇ ਬਰੈਂਪਟਨ ਵੈਸਟ ਤੋਂ ਨਵਜੀਤ ਕੌਰ ਐਲਾਨੇ ਹਨ ਉਹਨਾਂ ਨੂੰ ਕਰਮਵਾਰ 23%, 10%, ਅਤੇ 12% ਸਮਰੱਥਨ ਹਾਸਲ ਹੈ। ਬਰੈਂਪਟਨ ਨੌਰਥ ਅਤੇ ਸੈਂਟਰ ਤੋਂ ਐਨ ਡੀ ਪੀ ਉਮੀਦਵਾਰ ਕੌਣ ਹੋਵੇਗਾ, ਇਸ ਬਾਰੇ ਹਾਲੇ ਕੋਈ ਪਤਾ ਨਹੀਂ ਹੈ। ਐਨ ਡੀ ਪੀ ਵੱਲੋਂ ਉਮੀਦਵਾਰਾਂ ਨੂੰ ਨੌਮੀਨੇਟ ਕਰਨ ਵਿੱਚ ਹੋਰ ਰਹੀ ਦੇਰੀ ਉਹਨਾਂ ਨੂੰ ਹਰ ਦਿਨ ਮਹਿੰਗੀ ਪੈਂਦੀ ਜਾ ਰਹੀ ਹੈ।

ਇਹ ਸੋਚਣ ਵਾਲੀ ਗੱਲ ਹੈ ਕਿ ਮਿਸੀਸਾਗਾ ਮਾਲਟਨ ਤੋਂ ਲਿਬਰਲ ਐਮ ਪੀ ਨਵਦੀਪ ਬੈਂਸ ਨੂੰ ਮਿਲ ਰਹੇ 50% ਵੋਟਰਾਂ ਦੇ ਸਮਰੱਥਨ ਨੂੰ ਕੰਜ਼ਰਵੇਟਿਵ ਉਮੀਦਵਾਰ ਟੌਮ ਵਰਗੀਜ਼ 26% ਨਾਲ ਕਿੰਨਾ ਕੁ ਮੁਕਾ-ਬਲਾ ਦੇ ਸਕੇਗਾ। ਹਾਂ, ਜੇ ਮਿਸੀਸਾਗਾ ਸਟਰੀਟਸਵਿੱਲ ਵਿੱਚ ਅੱਜ ਵਾਲੇ ਹਾਲਾਤ ਰਹੇ ਤਾਂ ਲਿਬਰਲ ਐਮ ਪੀ ਗਗਨ ਸਿੰਕਦ ਦਾ ਸਿੰਘਾਸਣ ਹਿੱਲ ਸਕਦਾ ਹੈ। ਗਗਨ ਸਿੰਕਦ ਨੂੰ 38% ਵੋਟਾਂ ਮਿਲਦੀਆਂ ਵਿਖਾਈ ਦੇਂਦੀਆਂ ਹਨ ਜਦੋਂ ਕਿ ਕੰਜ਼ਰਵੇਟਿਵ ਉਮੀਦਵਾਰ ਗੈਧਾ ਐਮ ਮੇਲੇਕ (Gadha M Melek) 41% ਵੋਟਰਾਂ ਨਾਲ ਅੱਗੇ ਚੱਲਦੀ ਵਿਖਾਈ ਦੇਂਦੀ ਹੈ। ਜਾਪਦਾ ਹੈ ਕਿ ਗਗਨ ਸਿੰਕਦ ਨੂੰ ਇਕਰਾ ਖਾਲਿਦ ਦੇ ਮੋਸ਼ਨ ਉੱਤੇ ਚੁੱਪ ਰਹਿਣਾ ਮਹਿੰਗਾ ਸਾਬਤ ਹੋ ਸਕਦਾ ਹੈ।

ਸੀ ਬੀ ਸੀ ਪੋਲ ਟਰੈਕਟ ਤੋਂ ਲਏ ਗਏ ਇਹ ਰੁਝਾਨ ਕਈਆਂ ਨੂੰ ਹਕੀਕਤ ਨਾਲੋਂ ਵੱਖਰੇ ਜਾਪ ਸਕਦੇ ਹਨ। ਪਰ ਪਿਛਲੇ ਸਾਲ ਹੋਈਆਂ ਪ੍ਰੋਵਿੰਸ਼ੀਅਲ ਚੋਣਾਂ ਸਾਨੂੰ ਸਾਰਿਆਂ ਨੂੰ ਚੇਤੇ ਹਨ ਜਦੋਂ ਚੰਗੀ ਭਲੀ ਲਹਿਰ ਦੇ ਬਾਵਜੂਦ ਕੰਜ਼ਰਵੇਟਵਾਂ ਨੇ ਬਰੈਂਪਟਨ ਦੀਆਂ ਤਿੰਨ ਸੀਟਾਂ ਐਨ ਡੀ ਪੀ ਹੱਥ ਸਪੁਰਦ ਕਰ ਦਿੱਤੀਆਂ ਸਨ ਕਿਉਂਕਿ ਪਾਰਟੀ ਪਬਲਿਕ ਵਿੱਚ ਆਧਾਰ ਮਜ਼ਬੂਤ ਨਹੀਂ ਸੀ ਬਣਾ ਸਕੀ। ਇਹ ਸੁਆਲ ਕੰਜ਼ਰਵੇਟਿਵਾਂ ਸਾਹ-ਮਣੇ ਉਸ ਵੇਲੇ ਵੀ ਸੀ ਅਤੇ ਅੱਜ ਵੀ ਹੈ ਕਿ ਕਮਿਉਨਿਟੀ ਵਿੱਚ ਅਸਰਦਾਰ ਰਸੂਖ ਤੋਂ ਬਿਨਾ ਕਿਵੇਂ ਅੱਗੇ ਨਿਕਲ ਸਕਣਗੇ।

## ਆਪਣੇ ਭਾਈਵਾਲਾਂ ਉੱਤੇ ਕੈਨੇਡਾ ਨੂੰ ਪੂਰਾ ਭਰੋਸਾ : ਟਰੂਡੋ

...ਪੰਨਾ 1 ਦਾ ਬਾਕੀ

ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੈਂਗ ਸੁਆਂਗ ਨੇ ਦੋ ਵਾਰੀ ਇਹ ਆਖਿਆ ਸੀ ਕਿ ਕੈਨੇਡਾ ਨੂੰ ਆਪਣੇ ਤਥਾ ਕਥਿਤ ਭਾਈਵਾਲਾਂ ਉੱਤੇ ਕੁੱਝ ਜ਼ਿਆਦਾ ਹੀ ਭਰੋਸਾ ਹੈ। ਉਨ੍ਹਾਂ ਇਹ ਵੀ ਆਖਿਆ ਸੀ ਕਿ ਚੀਨ ਆਪਣੇ ਮਾਮਲਿਆਂ ਵਿੱਚ ਕਿਸੇ ਤਰ੍ਹਾਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰੇਗਾ।

ਪਰ ਵੀਰਵਾਰ ਨੂੰ ਇਸ ਦਾ ਜਵਾਬ ਦਿੰਦਿਆਂ ਟਰੂਡੋ ਨੇ ਆਖਿਆ ਕਿ ਚੀਨ ਦੇ ਇਸ ਦਾਅਵੇ ਤੋਂ ਉਲਟ ਸਾਨੂੰ ਇਹ ਨਜ਼ਰ ਆ ਰਿਹਾ ਹੈ ਕਿ ਸਾਡੇ ਭਾਈਵਾਲ ਸਾਡੀ ਮਦਦ ਕਰ ਰਹੇ ਹਨ। ਕੈਨੇਡਾ ਪ੍ਰਤੀ ਚੀਨ ਦੇ ਵਿਵਹਾਰ ਨੂੰ ਲੈ ਕੇ ਵੀ ਉਹ ਚਿੰਤਤ ਹਨ। ਉਨ੍ਹਾਂ ਆਖਿਆ ਕਿ ਸਾਡੇ ਭਾਈਵਾਲ ਜਾਣਦੇ ਹਨ ਕਿ ਜਿਹੜੀਆਂ ਕਦਰਾਂ ਕੀਮਤਾਂ ਅਸੀਂ ਸਾਂਝੀਆਂ ਕਰਦੇ ਹਾਂ ਉਨ੍ਹਾਂ ਦਾ ਸਮਰਥਨ ਕਰਨ ਦਾ ਸਮਾਂ ਆ ਗਿਆ ਹੈ। ਅਸੀਂ ਆਪਣੇ ਭਾਈਵਾਲਾਂ ਨਾਲ ਰਲ ਕੇ ਆਪਣੇ ਚੀਨੀ ਪਾਰਟਨਰਜ਼ ਨੂੰ ਇਹ ਵਿਖਾਉਣਾ ਚਾਹੁੰਦੇ ਹਾਂ ਕਿ ਅਸੀਂ ਕਾਨੂੰਨ ਦੀ ਪਾਲਣਾ ਕਰਨ ਤੇ ਕੈਨੇਡੀਅਨਾਂ ਦੀ ਸੇਫਟੀ ਦੀ ਹਿਫਾਜ਼ਤ ਕਰਨ ਲਈ ਪੂਰੀ ਤਰ੍ਹਾਂ ਦ੍ਰਿੜ ਹਾਂ।

ਟਰੂਡੋ ਨੇ ਆਖਿਆ ਕਿ ਕੈਨੇਡਾ, ਅਮਰੀਕਾ ਤੇ ਉਨ੍ਹਾਂ ਦੇ ਹੋਰ ਭਾਈਵਾਲ ਚੀਨ ਨੂੰ ਇਹ ਦੱਸ ਰਹੇ ਹਨ ਕਿ ਉਹ ਸਾਰੇ ਇਸ ਦੇ ਵਿਵਹਾਰ ਨੂੰ ਲੈ ਕੇ ਬਹੁਤ ਚਿੰਤਤ ਹਨ ਤੇ ਚੀਨ ਨੂੰ ਕਾਨੂੰਨ ਦੀ ਪਾਲਣਾ ਕਰਨ ਦੇ ਨਾਲ ਨਾਲ ਕੌਮਾਂਤਰੀ ਮਾਪਦੰਡਾਂ ਮੁਤਾਬਕ ਚੱਲਣਾ ਹੋਵੇਗਾ। ਟਰੂਡੋ ਨੇ ਇਹ ਵੀ ਆਖਿਆ ਕਿ ਜੀ-20 ਵਾਰਤਾ ਦੌਰਾਨ ਉਨ੍ਹਾਂ ਨੇ ਆਪ ਵੀ ਜ਼ੀ ਜ਼ਿੰਨਪਿੰਗ ਨਾਲ ਗੱਲਬਾਤ ਕੀਤੀ ਸੀ ਤੇ ਉਹ ਕਾਫੀ ਉਸਾਰੂ ਰਹੀ ਸੀ। ਇਸ ਦੌਰਾਨ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਟਰੂਡੋ ਨੇ ਕੋਵਰਿਗ ਤੇ ਸਪੇਵਰ ਦੀ ਮਦਦ ਲਈ ਕੁੱਝ ਵੀ ਨਹੀਂ ਕੀਤਾ ਹੈ। ਯੂਕੌਨ ਵਿੱਚ ਇੱਕ ਈਵੈਂਟ ਉੱਤੇ ਗੱਲ ਕਰਦਿਆਂ ਸ਼ੀਅਰ ਨੇ ਆਖਿਆ ਕਿ ਟਰੂਡੋ ਆਪਣੇ ਦੇਸ਼ ਦੇ ਮੁੱਦੇ ਚੁੱਕਣ ਲਈ ਡੌਨਲਡ ਟਰੰਪ ਤੇ ਹੋਰਨਾਂ ਵਿਸ਼ਵ ਆਗੂਆਂ ਦਾ ਸਹਾਰਾ ਲੈ ਰਹੇ ਹਨ ਜਦਕਿ ਇਹ ਸੱਭ ਉਨ੍ਹਾਂ ਨੂੰ ਖੁਦ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਟਰੂਡੋ ਦੂਜਿਆਂ ਤੋਂ ਅਜਿਹਾ ਕਰਨ ਦੀ ਝਾਕ ਇਸ ਲਈ ਰੱਖ ਰਹੇ ਹਨ ਕਿਉਂਕਿ ਉਹ ਆਪ ਆਪਣੇ ਦੇਸ਼ ਲਈ ਸਟੈਂਡ ਲੈਣ ਦੀ ਹਿੰਮਤ ਨਹੀਂ ਰੱਖਦੇ।

## ਟਰੰਪ ਨੇ ਜ਼ੀ ਜ਼ਿੰਨਪਿੰਗ ਕੋਲ ਉਠਾਇਆ ਸੀ ਨਜ਼ਰਬੰਦ ਕੈਨੇਡੀਅਨਾਂ ਦਾ ਮੁੱਦਾ

...ਪੰਨਾ 1 ਦਾ ਬਾਕੀ

ਜੂਨ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵ੍ਹਾਈਟ ਹਾਊਸ ਵਿਖੇ ਹੋਈ ਮੁਲਾਕਾਤ ਦੌਰਾਨ ਟਰੰਪ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਦੋਵਾਂ ਨਜ਼ਰਬੰਦ ਕੈਨੇਡੀਅਨਾਂ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਦਾ ਮੁੱਦਾ ਪਿਛਲੇ ਹਫਤੇ ਜ਼ੀ ਨਾਲ ਤੈਅਸ਼ੁਦਾ ਮੀਟਿੰਗ ਵਿੱਚ ਉਠਾਉਣਗੇ। ਜੀ-20 ਸਿਖਰ ਵਾਰਤਾ ਖ਼ਤਮ ਹੋਣ ਤੋਂ ਬਾਅਦ ਟਰੰਪ ਨੇ ਆਖਿਆ ਸੀ ਕਿ ਉਨ੍ਹਾਂ ਜ਼ੀ ਨਾਲ ਮੈਂਗ ਦੇ ਕੇਸ ਬਾਰੇ ਕੋਈ ਗੱਲਬਾਤ ਨਹੀਂ ਕੀਤੀ। ਇਸ ਨਾਲ ਇਹ ਤੌਖਲਾ ਪੈਦਾ ਹੋ ਗਿਆ ਸੀ ਕਿ ਟਰੂਡੋ ਨਾਲ ਕੀਤੇ ਵਾਅਦੇ ਨੂੰ ਟਰੰਪ ਵੱਲੋਂ ਨਿਭਾਇਆ ਵੀ ਗਿਆ ਹੈ ਜਾਂ ਨਹੀਂ।

ਇੱਕ ਸਰਕਾਰੀ ਸੂਤਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਟਰੰਪ ਨੇ ਆਪਣਾ ਵਾਅਦਾ ਪੂਰਾ ਕੀਤਾ ਤੇ ਨਜ਼ਰਬੰਦ ਕੈਨੇਡੀਅਨਾਂ ਦਾ ਮੁੱਦਾ ਜ਼ੀ ਕੋਲ ਸਪਸ਼ਟ ਸ਼ਬਦਾਂ ਵਿੱਚ ਉਠਾਇਆ। ਪਰ ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਜ਼ੀ ਵੱਲੋਂ ਇਸ ਬਾਰੇ ਕੀ ਪ੍ਰਤੀਕਿਰਿਆ ਪ੍ਰਗਟਾਈ ਗਈ। ਟਰੰਪ ਤੇ ਜ਼ੀ ਦਰਮਿਆਨ ਹੋਈ ਗੱਲਬਾਤ ਦਾ ਕੋਈ ਨਤੀਜਾ ਵੀ ਨਿਕਲੇਗਾ ਜਾਂ ਨਹੀਂ ਇਸ ਬਾਰੇ ਅਜੇ ਕੁੱਝ ਪਤਾ ਨਹੀਂ ਲੱਗ ਸਕਿਆ ਹੈ ਪਰ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੈਂਗ ਸੁਆਂਗ ਨੇ ਬੁੱਧਵਾਰ ਨੂੰ ਇਹ ਆਖਿਆ ਸੀ ਕਿ ਕੈਨੇਡਾ ਨੂੰ ਐਨਾ ਮਾਸੂਮ ਨਹੀਂ ਹੋਣਾ ਚਾਹੀਦਾ ਕਿ ਉਹ ਇਹ ਸੋਚੇ ਕਿ ਟਰੰਪ ਦੇ ਦਬਾਅ ਦਾ ਉਨ੍ਹਾਂ ਉੱਤੇ ਕੋਈ ਅਸਰ ਹੋਵੇਗਾ।

ਗੈਂਗ ਨੇ ਇਹ ਵੀ ਆਖਿਆ ਸੀ ਕਿ ਚੀਨ ਦਾ ਇਹ ਮੰਨਣਾ ਹੈ ਕਿ ਪਿਛਲੇ ਛੇ ਮਹੀਨਿਆਂ ਵਿੱਚ ਦੋਵਾਂ ਦੇਸ਼ਾਂ ਵਿੱਚ ਪੈਦਾ ਹੋਏ ਤਣਾਅ ਲਈ ਸਿਰਫ ਤੇ ਸਿਰਫ ਕੈਨੇਡਾ ਹੀ ਜ਼ਿੰਮੇਵਾਰ ਹੈ। ਇਸ ਵਧੇ ਹੋਏ ਤਣਾਅ ਦੇ ਬਾਵਜੂਦ ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਹ ਅਜੇ ਵੀ ਚੀਨ ਦੇ ਸੰਪਰਕ ਵਿੱਚ ਹਨ।

## ਜਨਤਕ ਨਿਯੁਕਤੀਆਂ ਸਬੰਧੀ ਜਾਂਚ ਦੀਆਂ ਲੱਭਤਾਂ ਜਨਤਕ ਨਹੀਂ ਕਰ ਸਕਾਂਗੇ : ਇੰਟੇਗ੍ਰਿਟੀ ਕਮਿਸ਼ਨਰ

...ਪੰਨਾ 1 ਦਾ ਬਾਕੀ

ਆਫ ਸਟਾਫ ਡੀਨ ਫਰੈਂਚ ਨਾਲ ਜੁੜੇ ਵਿਵਾਦ ਦੀ ਜਾਂਚ ਕਰਨ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਡੀਨ ਫਰੈਂਚ ਉੱਤੇ ਆਪਣੇ ਰਿਸ਼ਤੇਦਾਰਾਂ ਤੇ ਨਜ਼ਦੀਕੀਆਂ ਨੂੰ ਚੰਗੇ ਅਹੁਦੇ ਬਖਸ਼ਣ ਦੇ ਦੋਸ਼ ਲੱਗੇ ਸਨ ਤੇ ਇਸ ਮਗਰੋਂ ਜੂਨ ਵਿੱਚ ਉਸ ਨੇ ਅਸਤੀਫਾ ਦੇ ਦਿੱਤਾ ਸੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਫਰੈਂਚ ਦੀ ਪਤਨੀ ਦੀ ਕਜ਼ਨ ਟੇਲਰ ਸ਼ੀਲਡਜ਼ ਤੇ ਫਰੈਂਚ ਦੇ ਲੜਕੇ ਦੇ ਦੋਸਤ ਟਾਈਲਰ ਅਲਬ੍ਰੈਕਟ ਨੂੰ ਯੂਕੇ ਤੇ ਅਮਰੀਕਾ ਵਿੱਚ ਚੰਗੀ ਤਨਖਾਹ ਵਾਲੀਆਂ ਏਜੰਟ ਜਨਰਲ ਨੌਕਰੀਆਂ ਦਿੱਤੀਆਂ ਗਈਆਂ ਸਨ। ਇਹ ਸੱਭ ਉਸੇ ਦਿਨ ਹੋਇਆ ਸੀ ਜਦੋਂ ਫੋਰਡ ਸਰਕਾਰ ਵੱਲੋਂ ਆਪਣੇ ਕੈਬਨਿਟ ਵਿੱਚ ਫੇਰਬਦਲ ਦਾ ਐਲਾਨ ਕੀਤਾ ਗਿਆ ਸੀ। ਇਸ ਦਾ ਖੁਲਾਸਾ ਹੋਣ ਉਪਰੰਤ ਦੋਵੇਂ ਨਿਯੁਕਤੀਆਂ ਫੋਰਡ ਵੱਲੋਂ ਰੱਦ ਕਰ ਦਿੱਤੀਆਂ ਗਈਆਂ। ਇਸ ਤੋਂ ਬਾਅਦ ਫੋਰਡ ਵੱਲੋਂ ਪੈਂਡਿੰਗ ਨਿਯੁਕਤੀਆਂ ਦੇ ਅੰਦਰੂਨੀ ਮੁਲਾਂਕਣ ਦੇ ਹੁਕਮ ਵੀ ਦਿੱਤੇ ਗਏ ਹਨ। ਉਨ੍ਹਾਂ ਇਹ ਵਾਅਦਾ ਵੀ ਕੀਤਾ ਕਿ ਇਸ ਤੋਂ ਪਹਿਲਾਂ ਹੋਈਆਂ ਸਾਰੀਆਂ ਨਿਯੁਕਤੀਆਂ ਦਾ ਮੁਲਾਂਕਣ ਵੀ ਕੀਤਾ ਜਾਵੇਗਾ।

ਪਰ ਫਰੇਜ਼ਰ ਦਾ ਕਹਿਣਾ ਹੈ ਕਿ ਓਨਟਾਰੀਓ ਦੇ ਇੰਟੇਗ੍ਰਿਟੀ ਕਮਿਸ਼ਨਰ ਨੂੰ ਇਸ ਸਬੰਧ ਵਿੱਚ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਸਰਕਾਰ ਨੇ ਇਹ ਨਿਯੁਕਤੀਆਂ ਕਰਦਿਆਂ ਹੋਇਆਂ ਕੌਨਫਲਿਕਟ ਆਫ ਇੰਟਰਸਟ ਨਿਯਮਾਂ ਦੀ ਉਲੰਘਣਾਂ ਕੀਤੀ ਹੈ। ਉਨ੍ਹਾਂ ਵੀਰਵਾਰ ਨੂੰ ਇੱਕ ਨਿਊਜ਼ ਕਾਨਫਰੰਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਇਹ ਜਾਂਚ ਜਨਤਾ ਦੇ ਹਿੱਤ ਵਿੱਚ ਹੋਵੇਗੀ। ਫਰੇਜ਼ਰ ਨੇ ਜਵਾਬ ਵਿੱਚ ਆਖਿਆ ਕਿ ਜੇ ਉਹ ਫਰੈਂਚ ਖਿਲਾਫ ਜਾਂਚ ਕਰਦੇ ਵੀ ਹਨ ਤਾਂ ਕਾਨੂੰਨ ਮੁਤਾਬਕ ਉਸ ਨੂੰ ਜਨਤਕ ਨਹੀਂ ਕਰ ਸਕਣਗੇ। ਅਜਿਹੀ ਜਾਂਚ ਦਾ ਹੁਕਮ ਦੇਣ ਦਾ ਅਖ਼ਤਿਆਰ ਪ੍ਰੀਮੀਅਰ ਨੂੰ ਹੈ।

## ਡੂੰਘੇ ਸਮੁੰਦਰ ਵਿੱਚ ਹਾਦਸੇ ਦਾ ਸ਼ਿਕਾਰ ਹੋਈ ਪਣਡੁੱਬੀ ਪ੍ਰਮਾਣੂ ਸ਼ਕਤੀ ਨਾਲ ਸੀ ਲੈਸ : ਪੁਤਿਨ

ਕਰੋਂਸਤੈਦਤ, ਰੂਸ, 4 ਜੁਲਾਈ (ਪੋਸਟ ਬਿਊਰੋ) : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀਰਵਾਰ ਨੂੰ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸੋਮਵਾਰ ਨੂੰ ਨੇਵੀ ਦੀ ਜਿਸ ਪਣਡੁੱਬੀ ਨੂੰ ਡੂੰਘੇ ਸਮੁੰਦਰ ਵਿੱਚ ਅੱਗ ਲੱਗੀ ਸੀ ਉਹ ਪ੍ਰਮਾਣੂ ਸ਼ਕਤੀ ਨਾਲ ਲੈਸ ਸੀ। ਇਸ ਹਾਦਸੇ ਵਿੱਚ 14 ਸੇਲਰਜ਼ ਦੀ ਮੌਤ ਹੋ ਗਈ ਸੀ।



ਪਹਿਲਾਂ ਰੂਸੀ ਅਧਿਕਾਰੀਆਂ ਨੇ ਇਸ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੇ ਵੇਰਵੇ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਤੇ ਆਖਿਆ ਸੀ ਕਿ ਇਹ ਗੁਪਤ ਮਿਸ਼ਨ ਸੀ। ਵੀਰਵਾਰ ਨੂੰ ਪੁਤਿਨ ਨੇ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਨਾਲ ਮੁਲਾਕਾਤ ਕੀਤੀ,ਜੋ ਕਿ ਨੇਵੀ ਦੇ ਸੇਵੇਰੋਮੋਰਸਕ ਆਰਕਟਿਕ ਟਿਕਾਣੇ ਤੋਂ ਪਰਤੇ ਸਨ, ਤੇ ਉਨ੍ਹਾਂ ਤੋਂ ਸਬਮਰਸੀਬਲ ਪ੍ਰਮਾਣੂ ਰਿਐਕਟਰ ਬਾਰੇ ਪੁੱਛਿਆ। ਸ਼ੋਇਗੂ ਨੇ ਦੱਸਿਆ ਕਿ ਰਿਐਕਟਰ ਨੂੰ ਬਿਲਕੁਲ ਅਲੱਗ ਥਲੱਗ ਕਰ ਦਿੱਤਾ ਗਿਆ ਹੈ ਤੇ ਉਹ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੈ।

ਸ਼ੋਇਗੂ ਨੇ ਇੱਕ ਟਿੱਪਣੀ ਵਿੱਚ ਆਖਿਆ ਕਿ ਅੱਗ ਪਣਡੁੱਬੀ ਦੇ ਬੈਟਰੀ ਕੰਪਾਰਟਮੈਂਟ ਵਿੱਚ ਲੱਗੀ ਤੇ ਫਿਰ ਫੈਲ ਗਈ। ਰੱਖਿਆ ਮੰਤਰਾਲੇ ਵੱਲੋਂ ਪਹਿਲਾਂ ਦਿੱਤੀ ਗਈ ਜਾਣਕਾਰੀ ਅਨੁਸਾਰ 14 ਲੋਕ ਇਸ ਦੌਰਾਨ ਮਾਰੇ ਗਏ ਤੇ ਕਿੰਨੇ ਲੋਕ ਬਚੇ ਇਸ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਇਹ ਵੀ ਪਤਾ ਲੱਗਿਆ ਹੈ ਕਿ ਇਹ ਪਣਡੁੱਬੀ ਬੇਰੈਂਟਸ ਸਮੁੰਦਰ ਦੇ ਰੂਸ ਵਾਲੇ ਹਿੱਸੇ ਦੇ ਪਾਣੀਆਂ ਦੀ ਡੂੰਘਾਈ ਮਾਪਣ ਦੇ ਮਿਸ਼ਨ ਉੱਤੇ ਸੀ।

ਮੰਤਰਾਲੇ ਵੱਲੋਂ ਇਸੇ ਪਣਡੁੱਬੀ ਦਾ ਨਾਂ ਨਹੀਂ ਦੱਸਿਆ ਗਿਆ ਹੈ। ਪਰ ਰੂਸੀ ਮੀਡੀਆ ਅਨੁਸਾਰ ਇਹ ਪ੍ਰਮਾਣੂ ਸਮਰੱਥਾ ਵਾਲੀ ਖੋਜੀ ਪਣਡੁੱਬੀ ਸੀ ਜਿਸ ਦਾ ਨਾਂ ਲੋਸ਼ਰੀਕ ਸੀ।

## ਹਨੀ ਸਿੰਘ ਦਾ ਗੀਤ 'ਮੱਖਣਾ' ਫਿਰ ਵਿਵਾਦਾਂ ਵਿੱਚ ਘਿਰਿਆ

ਚੰਡੀਗੜ੍ਹ, 4 ਜੁਲਾਈ (ਪੋਸਟ ਬਿਊਰੋ)- ਪੰਜਾਬੀ ਗਾਇਕ ਹਨੀ ਸਿੰਘ ਅਤੇ ਨੇਹਾ ਕੱਕੜ ਵੱਲੋਂ ਗਾਇਆ ਗੀਤ 'ਮੱਖਣਾ' ਵਿਵਾਦਾਂ ਵਿੱਚ ਘਿਰ ਗਿਆ ਹੈ। ਇਸ ਗੀਤ ਵਿੱਚ ਔਰਤਾਂ ਬਾਰੇ ਵਰਤੀ ਭੱਦੀ ਸ਼ਬਦਾਵਲੀ ਦਾ ਗੰਭੀਰ ਨੋਟਿਸ ਲੈਂਦੇ ਹੋਏ ਪੰਜਾਬ ਮਹਿਲਾ ਕਮਿਸ਼ਨ ਨੇ ਗ੍ਰਹਿ ਵਿਭਾਗ ਅਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਇਨ੍ਹਾਂ ਦੇ ਖਿਲਾਫ ਯੋਗ ਕਾਨੂੰਨੀ ਕਾਰਵਾਈ ਕਰਨ ਅਤੇ ਦੱਸਣ ਲਈ ਲਿਖਿਆ ਹੈ।

ਇਸ ਸੰਬੰਧ ਵਿੱਚ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਦੱਸਿਆ ਕਿ ਕਮਿਸ਼ਨ ਵੱਲੋਂ ਇਸ ਬਾਰੇ ਪੰਜਾਬ ਦੇ ਐਡੀਸ਼ਨਲ ਚੀਫ ਸੈਕਟਰੀ (ਗ੍ਰਹਿ ਤੇ ਨਿਆਂ ਵਿਭਾਗ), ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਅਤੇ ਆਈ ਜੀ (ਓ ਸੀ ਸੀ ਯੂ ਅਤੇ ਕਰਾਈਮ) ਪੰਜਾਬ ਨੂੰ ਲਿਖ ਕੇ ਸਖਤ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਉਨ੍ਹਾ ਦੱਸਿਆ ਕਿ ਕਮਿਸ਼ਨ ਨੇ ਇਸ ਕਾਰਵਾਈ ਦੀ ਰਿਪੋਰਟ 12 ਜੁਲਾਈ ਤੱਕ ਕਮਿਸ਼ਨ ਨੂੰ ਦੇਣ ਲਈ ਹਦਾਇਤ ਜਾਰੀ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਦੀ ਸਾਰੀ ਸਟੇਟਸ ਰਿਪੋਰਟ ਕਮਿਸ਼ਨ ਕੋਲ ਸੀਨੀਅਰ ਪੁਲਸ ਅਧਿਕਾਰੀ ਰਾਹੀਂ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਇਹ ਗੀਤ, ਜਿਸ ਨੂੰ ਭੂਸ਼ਣ ਕੁਮਾਰ ਨੇ ਤਿਆਰ ਕੀਤਾ ਅਤੇ ਹਨੀ ਸਿੰਘ ਤੇ ਨੇਹਾ ਕੱਕੜ ਨੇ ਗਾਇਆ ਹੈ, ਵਿੱਚ ਔਰਤਾਂ ਦੇ ਖਿਲਾਫ ਬੇਹੱਦ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਸਮਾਜ ਵਿੱਚ ਮਹਿਲਾਵਾਂ ਨੂੰ ਅਜਿਹੇ ਗੀਤਾਂ ਕਾਰਨ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਗੀਤ 'ਚ ਜਿੱਥੇ ਔਰਤਾਂ ਖਿਲਾਫ ਭੈੜੀ ਸ਼ਬਦਾਵਲੀ ਵਰਤੀ ਗਈ ਹੈ, ਉਥੇ ਇਸ ਗੀਤ ਦੀ ਵੀਡੀਓ ਵੀ ਇਤਰਾਜ਼ ਯੋਗ ਹੈ। ਉਨ੍ਹਾਂ ਕਿਹਾ ਕਿ ਅਜਿਹੇ ਹੋਰ ਪਤਾ ਨਹੀਂ ਕਿੰਨੇ ਗੀਤ ਪੰਜਾਬੀ ਤੇ ਬਾਹਰੀ ਗਾਇਕਾਂ ਨੇ ਗਾਏ ਹੋਣਗੇ, ਪਰ ਇਸ ਗੀਤ ਵੱਲ ਧਿਆਨ ਜਾਣ 'ਤੇ ਕਮਿਸ਼ਨ ਵੱਲੋਂ ਸਖਤ ਨੋਟਿਸ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੇ ਗੀਤਾਂ ਬਾਰੇ ਸੈਂਸਰ ਬੋਰਡ ਨੂੰ ਕਦਮ ਚੁੱਕਣੇ ਚਾਹੀਦੇ ਹਨ, ਪਰ ਅਫਸੋਸ ਦੀ ਗੱਲ ਹੈ ਕਿ ਪੰਜਾਬ 'ਚ ਔਰਤਾਂ ਬਾਰੇ ਭੱਦੀ ਸ਼ਬਦਾਵਲੀ ਸ਼ਰਾਬ, ਹਥਿਆਰਾਂ ਵਾਲੇ ਗੀਤਾਂ 'ਤੇ ਰੋਕ ਲਾਉਣ ਜਾਂ ਸ਼ਬਦਾਵਲੀ 'ਚ ਸੁਧਾਰ ਕਰਾਉਣ ਵਾਲਾ ਕੋਈ ਸੈਂਸਰ ਬੋਰਡ ਹੀ ਨਹੀਂ ਹੈ।

ਪਤਾ ਲੱਗਾ ਹੈ ਕਿ ਪੰਜਾਬ ਦੇ ਗਾਇਕਾਂ ਨੇ ਕਈ ਵਾਰ ਰਾਜ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਮਾੜੀ ਸ਼ਬਦਾਵਲੀ ਵਾਲੇ ਗੀਤਾਂ ਉੱਤੇ ਰੋਕ ਲਾਉਣ ਲਈ ਸੈਂਸਰ ਬੋਰਡ ਬਣਾਇਆ ਜਾਵੇ। ਪਿਛਲੀ ਸਰਕਾਰ ਵੇਲੇ ਇਹੋ ਜਿਹੀ ਅਪੀਲ ਕਰਨ ਵਾਲਿਆਂ ਵਿੱਚ ਗੁਰਦਾਸ ਮਾਨ, ਗਾਇਕ ਹਰਦੀਪ ਦੇ ਨਾਲ ਮਹਿਲਾ ਗਾਇਕਾਵਾਂ ਸਮੇਤ ਫਿਲਮੀ ਪ੍ਰੋਡਿਊਸਰ ਤੇ ਅਦਾਕਾਰ ਸ਼ਾਮਲ ਸਨ। ਉਸ ਵੇਲੇ ਸਰਕਾਰੀ ਨੁਮ-ਾਇੰਦੇ ਨੇ ਇਨ੍ਹਾਂ ਨਾਲ ਮੀਟਿੰਗ ਕਰ ਕੇ ਸੈਂਸਰ ਬੋਰਡ ਬਣਾਉਣ ਦਾ ਭਰੋਸਾ ਦਿੱਤਾ ਸੀ, ਪਰ ਨਾ ਅਕਾਲੀ-ਭਾਜਪਾ ਸਰਕਾਰ ਤੇ ਨਾ ਕਾਂਗਰਸ ਸਰਕਾਰ ਨੇ ਇਸ ਵੱਲ ਧਿਆਨ ਦਿੱਤਾ ਹੈ। ਵਰਨਣ ਯੋਗ ਹੈ ਕਿ ਪ੍ਰੋਫੈਸਰ ਧਰੇਨਵਰ ਰਾਓ ਨੇ ਵੀ ਅਜਿਹੇ ਗੀਤਾਂ ਬਣਾਉਣ ਅਤੇ ਗਾਉਣ ਵਾਲਿਆਂ ਖਿਲਾਫ ਆਵਾਜ਼ ਬੁਲੰਦ ਕਰਦੇ ਹੋਏ ਅਸ਼ਲੀਲਤਾ ਫੈਲਾਉਣ ਤੇ ਸ਼ਰਾਬ ਤੇ ਹਥਿਆਰ ਨੂੰ ਉਤਸ਼ਾਹਤ ਕਰਨ ਵਾਲੇ ਗੀਤਾਂ 'ਤੇ ਰੋਕ ਲਾਉਣ ਦੀ ਮੁਹਿੰਮ ਚਲਾਈ ਸੀ, ਪਰ ਇਸ ਮਾਮਲੇ 'ਤੇ ਕੋਈ ਕਾਰਵਾਈ ਨਹੀਂ ਹੋਈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਬਠਿੰਡੇ ਵਾਲਿਆਂ ਵੱਲੋ ਫੈਮਲੀ ਪਿੱਕਨਿਕ ਭਲਕੇ

ਜਿੱਲੇ ਬਠਿੰਡੇ ਵਾਲਿਆ ਵੱਲੋ ਇੱਕ ਫੈਮਲੀ ਪਿੱਕਨਿਕ ਕਰਵਾਈ ਜਾ ਰਹੀ ਹੈ , ਜਿਸ ਵਿੱਚ ਖਾਣਪੀਣ ਦਾ ਤੇ ਬੱਚਿਆ ਦੀਆ ਖੇਡਾ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ, ਸੋ ਸਾਰੇ ਬਠਿੰਡੇ ਜਿੱਲੇ ਨਾਲ ਸਬੰਧਿਤ ਪ੍ਰੀਵਾਰਾ ਨੂੰ ਖੁੱਲਾ ਸੱਦਾ ਦਿੱਤਾ ਜਾਦਾ ਹੈ ਕਿ ਸਮੇ ਸਿਰ ਪਹੁੱਚ ਕੇ ਪਿੱਕਨਿਕ ਦੀ ਰੌਣਕ ਵਧਾਈ ਜਾਵੇ , ਸਮਾ ਤੇ ਸਥਾਨ ਇਸ ਤਰਾ ਹੈ ----

place --chinguacousy park
9050 bramlea rd
brampton, l6s6g7
905-458-6555
time--11am to. 7 pm
date--6th july 2019
note--entrance from bramlea rd ਹੋਰ ਵਧੇਰੇ ਜਾਣਕਾਰੀ ਲਈ ਫੋਨ----

ਪ੍ਰੀਤ ਸਿੱਧੂ -647-300-3515
ਵਿੱਕੀ ਢਿੱਲੋ-416-528-6200
ਛਿੰਦਾ ਬਾਈ-416-992-3344
ਰੋਮੀ ਨਥਾਣਾ-416-986-8080
ਸੁੱਖਪਾਲ ਪੁੱਹਲੀ-416-970-9431
ਜੱਸੀ ਭੁੱਲਰ-416-816-7427
ਸ਼ਵਿੰਦਰ ਸਲਾਬਤਪੁਰਾ-416-722-2662
ਪ੍ਰਵੇਜ ਬਾਈ-416-562-0032
ਗੁਰਪਿਆਰ ਡੋਡ-647-376-7514, ਪ੍ਰਮਾਤਮਾ ਹਮੀਰਗੜ੍ਹ-647-638-4429, ਸ਼ੁਸੀਲ ਧੀਰ -647-802-0850, ਬਾਈ ਖੋਸਾ ਜਲਾਲ-647-938-0004
















# ਸੁਰਜੀਤ ਦੇ ਨਵ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਪਾਰਲੇ ਪੁਲ਼' ਤੇ ਹੋਈ ਵਿਚਾਰ-ਗੋਸ਼ਟੀ



(ਕੁਲਜੀਤ ਸਿੰਘ ਜੰਜੂਆ): 30 ਜੂਨ ਨੂੰ ਗਲੋਬਲ ਪੰਜਾਬ ਫ਼ਾਉਂਡੇਸ਼ਨ ਅਤੇ ਦਾ ਲਿਟਰੇਰੀ ਰਿਫਲੈਕਸ਼ਨਜ਼ ਵਲੋਂ ਐਫ਼ ਬੀ ਆਈ ਸਕੂਲ, ਬਰੈਂਪਟਨ ਵਿਖੇ ਸੁਰਜੀਤ ਦੇ ਨਵਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਪਾਰਲੇ ਪੁਲ਼' 'ਤੇ ਇਕ ਵਿਚਾਰ ਗੋਸ਼ਟੀ ਕਰਵਾਈ ਗਈ ਜਿਸ ਵਿਚ ਦੇਸ਼-ਵਿਦੇਸ਼ ਦੇ ਬੁੱਧੀਜੀਵੀਆਂ ਨੇ ਸ਼ਿਰਕਤ ਕੀਤੀ। ਇਸ ਗੋਸ਼ਟੀ ਸਮੇਂ ਬਹੁਤ ਹੀ ਸਾਰਥਕ ਅਤੇ ਮੁੱਲਵਾਨ ਵਿਚਾਰਾਂ ਹੋਈਆਂ । ਪ੍ਰਧਾਨਗੀ ਮੰਡਲ ਵਿਚ ਡਾ. ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ( ਦਿੱਲੀ), ਡਾ. ਭੀਮਇੰਦਰ ਸਿੰਘ (ਪਟਿਆਲਾ), ਡਾ. ਕੰਵਰ ਜਸਮਿੰਦਰ ਸਿੰਘ (ਪਟਿਆਲਾ), ਡਾ. ਦਵਿੰਦਰ ਬੋਹਾ (ਚੰਡੀਗੜ੍ਹ), ਦਰਸ਼ਨ ਹਰਵਿੰਦਰ (ਦਿੱਲੀ), ਗਜ਼ਲਗੋ ਗੁਰਦਿਆਲ ਰੌਸ਼ਨ ਅਤੇ ਸੁਰਜੀਤ ਬਿਰਾਜਮਾਨ ਸਨ। ਕਹਾਣੀ ਤੇ ਵਿਚਾਰ ਪੇਸ਼ ਕਰਨ ਵਾਲਿਆਂ ਵਿਚ ਡਾ. ਪ੍ਰਿਥਵੀਰਾਜ ਥਾਪਰ (ਦਿੱਲੀ), ਡਾ. ਦਵਿੰਦਰ ਬੋਹਾ, ਡਾ. ਕੰਵਰ ਜਸਮਿੰਦਰ ਪਾਲ ਸਿੰਘ (ਪਟਿਆਲਾ), ਡਾ. ਕੰਵਲਜੀਤ ਕੌਰ ਢਿੱਲੋਂ ਅਤੇ ਕਹਾਣੀਕਾਰਾ ਗੁਰਮੀਤ ਪਨਾਗ ਸ਼ਾਮਲ ਸਨ। ਡਾ. ਭੀਮਇੰਦਰ ਹੋਰਾਂ ਸੁਰਜੀਤ ਦੀ ਕਹਾਣੀ ਦਾ ਮੁਲਾਂਕਣ ਵਿਸ਼ਵੀਕਰਨ ਦੇ ਹਵਾਲੇ ਨਾਲ ਕੀਤਾ। ਇੰਗਲੈਂਡ ਤੋਂ ਕਵਿੱਤਰੀ ਦਲਵੀਰ ਕੌਰ ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣ ਲਈ ਆਏ । ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਸਟੇਜ ਦੀ ਕਾਰਵਾਈ ਬਾਖ਼ੂਬੀ ਨਿਭਾਈ। ਬਹੁਤ ਸਾਰੇ ਹੋਰ ਬੁਲਾਰਿਆਂ ਨੇ ਵੀ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਵਰਿਆਮ ਸੰਧੂ ਨੇ ਸੁਰਜੀਤ ਦੀ ਕਹਾਣੀ ਨੂੰ ਸਹਿ-ਸੁਭਾਵਕ ਦਿਲੋਂ ਨਿਕਲੀ ਹੂਕ ਕਿਹਾ ਜਿਸ ਵਿਚ ਉਚੇਚ ਨਾਲ ਭਰਤੀ ਨਹੀਂ ਕੀਤੀ ਗਈ ਅਤੇ ਨਾ ਹੀ ਕਹਾਣੀ ਕਿਸੇ ਖੋਜ ਵਿਚੋਂ ਉਗਮੀ ਹੈ, ਇਹ ਮਨੁੱਖੀ ਰਿਸ਼ਤਿਆਂ ਦੀ ਕਥਾ ਹੈ ਜਿਸ ਵਿਚ ਨਾ ਕੇਵਲ ਮਨੁੱਖ ਨਾਲ ਮਨੁੱਖ ਦੇ ਰਿਸ਼ਤੇ, ਮੁਹੱਬਤ ਦੀ ਬਾਤ ਪਾਈ ਗਈ ਹੈ ਸਗੋਂ ਕਹਾਣੀਕਾਰਾ ਨੇ ਕੁਦਰਤ ਨਾਲ ਪਸ਼ੂ-ਪੰਛੀਆਂ ਅਤੇ ਬਿਰਖਾਂ ਨਾਲ ਵੀ ਰਿਸ਼ਤੇ ਦੀ ਗੱਲ ਕੀਤੀ ਹੈ । ਇਸਦੇ ਨਾਲ ਸੁਰਜੀਤ ਦੀ ਕਹਾਣੀ ਵਿਚ ਵਿਸ਼ਵੀਕਰਣ ਦੇ ਵਰਤਾਰੇ ਅਤੇ ਯੁਗ ਬੋਧ ਵੀ ਵਿਦਮਾਨ ਹਨ। ਕੁਲ ਮਿਲਾ ਕੇ ਸਾਰੇ ਬੁਲਾਰੇ ਇਸ ਗੱਲ ਨਾਲ ਸਹਿਮਤ ਸਨ ਕਿ ਸੁਰਜੀਤ ਦਾ ਕਹਾਣੀ-ਸੰਗ੍ਰਿਹ 'ਪਾਰਲੇ ਪੁਲ' ਪਰਵਾਸੀ ਪੰਜਾਬੀ ਕਹਾਣੀ ਵਿਚ ਤਾਜ਼ਗੀ ਦਾ ਅਹਿਸਾਸ ਦਿੰਦਾ ਹੈ। ਹੁਣ ਤੱਕ ਪਰਵਾਸੀ ਕਹਾਣੀ ਹੇਰਵੇ, ਸਭਿਆਚਾਰਕ ਟਕਰਾਓ-ਤਣਾਓ ਤੇ ਪੀੜ੍ਹੀ ਪਾੜੇ ਦੁਆਲੇ ਹੀ ਬੁਣੀ ਜਾਂਦੀ ਰਹੀ ਤੇ ਇਸਦਾ ਕੇਂਦਰ-ਬਿੰਦੂ ਪੰਜਾਬੀ ਜੀਵਨ ਹੀ ਰਿਹਾ ਪਰ ਸੁਰਜੀਤ ਦੀ ਕਹਾਣੀ ਇਸਤੋਂ ਅਲੱਗ ਹੈ। ਗਿਆਨ ਸਿੰਘ ਕੰਗ, ਸੁਖਿੰਦਰ, ਹਰਮੋਹਨ ਛਿੱਬੜ, ਲਵੀਨ ਗਿੱਲ, ਸਰਬਜੀਤ ਕੌਰ ਕਾਹਲੋਂ, ਫਤਿਹਜੀਤ ਸਿੰਘ, ਪਿਆਰਾ ਸਿੰਘ ਕੁੱਦੋਵਾਲ, ਸਤਿੰਦਰ ਕਾਹਲੋਂ, ਬਲਜੀਤ ਧਾਲੀਵਾਲ, ਬਲਰਾਜ ਧਾਲੀਵਾਲ, ਰਾਜਵੰਤ ਕੌਰ ਸੰਧੂ, ਡਾ. ਬਲਵੰਤ ਸਿੰਘ, ਡਾ. ਕੁਲਜੀਤ ਸਿੰਘ ਜੰਜੂਆ, ਕਮਲਜੀਤ ਨੱਤ, ਭੁਪਿੰਦਰ ਡੋਡ, ਸੁਰਿੰਦਰ ਗਿੱਲ, ਭੁਪਿੰਦਰ ਦੂਲੇ, ਪਰਮਜੀਤ ਢਿੱਲੋਂ, ਪ੍ਰਤੀਕ ਆਰਟਿਸਟ, ਪਰਸ਼ਿੰਦਰ ਧਾਲੀਵਾਲ, ਰਿੰਟੂ ਭਾਟੀਆ, ਡਾ. ਅਰਵਿੰਦਰ ਕੌਰ, ਹਰਦਿਆਲ ਝੀਤਾ, ਰਛਪਾਲ ਕੌਰ ਗਿੱਲ, ਚਮਕੌਰ ਮਾਛੀਕੇ ਅਤੇ ਉਨ੍ਹਾਂ ਦੀ ਪਤਨੀ, ਗੁਰਦਿਆਲ ਬੱਲ, ਗੁਰ-ਦੇਵ ਚੌਹਾਨ, ਪੁਸ਼ਪਿੰਦਰ ਜੋਸਨ, ਸੋਨੀਆ ਸ਼ਰਮਾ ਅਤੇ ਹੋਰ ਕਈ ਦੋਸਤਾਂ ਇਸ ਸਮਾਗਮ ਵਿਚ ਹਾਜ਼ਰੀ ਲਗਵਾਈ ਅਤੇ ਕਥਾਕਾਰਾ ਨੂੰ ਵਧਾਈ ਦਿੱਤੀ । ਇਹ ਸਮਾਗਮ ਤਕਰੀਬਨ ਛੇ ਵਜੇ ਤੱਕ ਚੱਲਿਆ।

# ਤਰਕਸ਼ੀਲ ਸੁਸਾਇਟੀ ਦੇ ਪ੍ਰੋਗਰਾਮ ਵਿੱਚ ਐਡਵੋਕੇਟ ਹਰਿੰਦਰ ਲਾਲੀ ਪਹੁੰਚੇ



(ਹਰਜੀਤ ਬੇਦੀ): ਬੀਤੇ ਐਤਵਾਰ ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਵਲੋਂ ਆਯੋਜਿਤ ਪ੍ਰੋਗਰਾਮ ਵਿਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਲੀਗਲ ਮੁਖੀ ਐਡਵੋਕੇਟ ਹਰਿੰਦਰ ਲਾਲੀ ਮੁਖ ਮਹਿਮਾਨ ਵਜੋਂ ਹਾਜਰ ਹੋਏ। ਚਾਹ ਪਾਣੀ ਤੋਂ ਬਾਅਦ ਸੁਸਾਇਟੀ ਦੇ ਮੁੱਖ ਕੁਆਰਡੀਨੇਟਰ ਬਲਦੇਵ ਰਹਿਪਾ ਨੇ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ। ਇਸ ਤੇ ਕੌਮਾਂਤਰੀ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਐਡਵੋਕੇਟ ਹਰਿੰਦਰ ਲਾਲੀ ਦੀ ਸਰੋਤਿਆਂ ਨਾਲ ਜਾਣ ਪਹਿਚਾਣ ਕਰਵਾਈ।

ਇਸ ਉਪਰੰਤ ਮੁਖ ਮਹਿਮਾਨ ਲਾਲੀ ਨੇ ਤਰਕਸੀਲਤਾ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਵਹਿਮ ਭਰਮ ਜਾਂ ਅੰਧ ਵਿਸ਼ਵਾਸ਼ ਮਨੁੱਖ ਦਾ ਉਹ ਨਿਜੀ ਵਰਤਾਰਾ ਹੈ ਜਿਸ ਵਿੱਚ ਉਹ ਕਿਸੇ ਡਰ ਵਿੱਚ ਭੂਤ ਪ੍ਰੇਤ, ਗੈਬੀ ਸ਼ਕਤੀਆ, ਰੂਹਾਂ, ਸ਼ਗਨ, ਅੱਪਸ਼ਗਨ ਵਰਗੀਆਂ ਗੱਲਾਂ ਵਿੱਚ ਬਿਨਾਂ ਸੋਚੇ ਸਮਝੇ ਸੁੱਤੇ ਸਿੱਧ ਹੀ ਵਿਸ਼ਵਾਸ਼ ਕਰਦਾ ਹੈ। ਬਚਪਨ ਵਿੱਚ ਸੁਣੀਆਂ ਸੁਣਾਈਆਂ ਗੱਲਾਂ, ਆਲੇ ਦੁਆਲੇ ਦੇ ਲੋਕਾਂ ਅਤੇ ਪਰਚਾਰਕਾਂ ਦੀਆਂ ਮਿੱਥ ਕਹਾਣੀਆਂ ਨੂੰ ਉਹ ਬਿਨਾਂ ਪੜਤਾਲ ਸੱਚ ਮੰਨਣ ਲਗਦਾ ਹੈ। ਉਸਨੂੰ ਉਸਦੀਆਂ ਨਿੱਜੀ ਸਮੱਸਿਆਵਾਂ ਜਿਵੇਂ ਗਰੀਬੀ, ਬਿਮਾਰੀ ਜਾਂ ਹੋਰ ਤਕਲੀਫ ਦਾ ਕੋਈ ਅਦਿੱਖ ਕਾਰਣ ਲਗਦਾ ਹੈ ਇਸ ਤਰਾਂ ਉਹ ਠੱਗ ਬਾਬਿਆਂ, ਤਾਂਤਰਿਕਾਂ, ਪੁਜਾਰੀਆਂ, ਜੋਤਸੀਆਂ ਆਦਿ ਦੇ ਚੱਕਰ ਵਿੱਚ ਫਸ ਕੇ ਆਪਣਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਵਾ ਬੈਠਦਾ ਹੈ। ਉਹਨਾਂ ਅੱਗੇ ਦੱਸਿਆ ਕਿ ਭਾਵੇਂ ਭਾਰਤੀ ਸੰਵਿਧਾਨ ਵਿੱਚ ਇਸ ਸਬੰਧੀ ਕਾਨੂੰਨ ਦਰਜ ਹਨ ਪਰ ਲੋਕਾਂ ਨੂੰ ਇਸ ਬਾਰੇ ਗਿਆਨ ਨਹੀਂ ਅਤੇ ਸਰਕਾਰ ਤਾਂ ਇਸ ਮਾਮਲੇ ਵਿੱਚ ਬਿੱਲਕੁੱਲ ਅਵੇਸਲੀ ਹੈ। ਪਰ ਤਰਕਸ਼ੀਲ ਲੋਕਾਂ ਨੂੰ ਚੇਤੰਨ ਕਰ ਰਹੇ ਹਨ। ਤਰਕਸ਼ੀਲ ਸੁਸਾਇਟੀ ਦੇ ਯਤਨਾਂ ਨਾਲ ਆਵਾਜ -ਪ੍ਰਦੂਸ਼ਣ ਦੀ ਰੋਕ ਲਈ ਉੱਚੀ ਆਵਾਜ ਵਿੱਚ ਸਪੀਕਰ ਲਾਉਣ ਤੇ ਹਾਈ ਕੋਰਟ ਵਲੋਂ ਪਾਬੰਦੀ ਲਗਾਈ ਗਈ ਹੈ। ਉਹਨਾਂ ਅੱਗੇ ਕਿਹਾ ਕਿ ਤਰਕਸ਼ੀਲਾਂ ਦੇ ਯਤਨਾਂ ਨਾਲ ਇੰਗਲੈਂਡ ਵਿੱਚ ਆਂਡਿਆਂ ਵਾਲੇ ਠੱਗ ਬਾਬੇ ਤੇ ਹੋਰਨਾਂ ਨੂੰ ਸਜਾ ਦਿਵਾਉਣ ਵਿੱਚ ਸਫਲਤਾ ਪਰਾਪਤ ਹੋਈ ਹੈ। ਉਹਨਾਂ ਕਿਹਾ ਕਿ ਕਨੇਡਾ ਦੌਰੇ ਸਮੇਂ ਉਹ ਹਰ ਥਾਂ ਤੇ ਅਜਿਹੇ ਸ਼ਾਤਰ ਲੋਕਾਂ ਤੋਂ ਬਚ ਕੇ ਰਹਿਣ ਲਈ ਯਤਨ ਅਤੇ ਪਰੇਰਣਾ ਕਰਨਾ ਹੈ। ਅੰਤ ਵਿੱਚ ਉਸ ਨੇ ਕਿਹਾ ਕਿ ਤਰਕਸ਼ੀਲਤਾ ਅਤੇ ਵਿ-ਗਆਨਕ ਵਿਚਾਰਧਾਰਾ ਹੀ ਇਸ ਮਸਲੇ ਦਾ ਹੱਲ ਹੈ।

ਇਸ ਤੋਂ ਬਾਦ ਡਾ: ਬਲਜਿੰਦਰ ਸੇਖੋਂ ਨੇ ਪੰਜਾਬ ਤੋਂ ਆਏ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਿਭਾਗੀ ਮੁਖੀ ਪ੍ਰੋ: ਸੁਖਪਾਲ ਦੀ ਸ਼ਖਸ਼ੀਅਤ ਬਾਰੇ ਦੱਸਿਆ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ ਗਿਆ। ਡਾ: ਸੁਖਪਾਲ ਨੇ ਅੰਕੜਿਆਂ ਸਹਿਤ



ਕਿਸਾਨੀ ਖੁਦਕੁਸ਼ਿਆਂ ਬਾਰੇ ਆਪਣੇ ਤਜਰਬੇ ਅਤੇ ਖੋਜ ਤੇ ਆਧਾਰ ਤੇ ਕਿਹਾ ਕਿ ਖੁਸਹਾਲ ਕਹਾਉਂਦਾ ਸੂਬਾ ਹੁਣ ਖੁਦਕੁਸ਼ੀਆਂ ਦਾ ਮੋਹਰੀ ਸੂਬਾ ਬਣ ਚੁੱਕਾ ਹੈ। ਖੇਤ ਮਜਦੂਰ ਅਤੇ ਔਰਤਾਂ ਵੀ ਆਰਥਿਕ ਮੰਦਹਾਲੀ ਅਤੇ ਕਰਜੇ ਦੇ ਬੋਝ ਥੱਲੇ ਦੱਬੇ ਹੋਣ ਕਾਰਣ ਆਏ ਦਿਨ ਖੁਦਕਸ਼ੀਆਂ ਕਰਨ ਲਈ ਮਜਬੂਰ ਹਨ। ਇਸ ਬਾਰੇ ਇੱਕ ਪਰਚਾਰ ਇਹ ਵੀ ਕੀਤਾ ਜਾਂਦਾ ਹੈ ਕਿ ਕਿਸਾਨ ਸਮਾਜਿਕ ਕਾਰਜਾਂ ਤੇ ਲੋੜੋਂ ਵੱਧ ਖਰਚਾ ਕਰਦੇ ਹਨ। ਇਹ ਗੱਲ ਬਹੁਤ ਹੀ ਸੀਮਤ ਹੱਦ ਤੱਕ ਹੋ ਸਕਦੀ ਹੈ ਪਰ ਮੁੱਖ ਤੌਰ ਤੇ ਕਿਸਾਨਾ ਦੀ ਮੰਦਹਾਲੀ ਲਈ ਸਰਕਾਰੀ ਪਾਲਸੀਆਂ ਜ਼ਿੰਮੇਵਾਰ ਹਨ ਤੇ ਕਿਸਾਨ ਮਜਬੂਰੀ ਵਿੱਚ ਜਮੀਨ ਵੇਚ ਕੇ ਮਜਦੂਰਾਂ ਦੀ ਸ਼੍ਰੈਣੀ ਵਿੱਚ ਸ਼ਾਮਲ ਹੋ ਰਹੇ ਹਨ। ਇਹ ਪੰਜਾਬ ਦੇ ਕਿਸਾਨਾਂ ਲਈ ਤ੍ਰਾਸਦੀ ਅਤੇ ਨਮੋਸ਼ੀ ਭਰੀ ਕਿਰਿਆ ਹੈ। ਉਹਨਾਂ ਕਿਹਾ ਕਿ ਕਿਸਾਨਾਂ ਦੇ ਭਾਰੀ ਦਬਾਅ ਤੋਂ ਬਿਨਾਂ ਇਹ ਹਾਲਤ ਨਹੀਂ ਬਦਲ ਸਕਦੇ। ਹਾਜਰ ਲੋਕਾਂ ਵਲੋਂ ਬੁਲਾਰਿਆਂ ਨਾਲ ਸਵਾਲ ਜਵਾਬ ਕੀਤੇ ਗਏ ਜਿਹਨਾਂ ਦਾ ਉਹਨਾਂ ਵਲੋਂ ਤਸੱਲੀ ਅਤੇ ਠਰ੍ਹੰਮੇਂ ਨਾਲ ਜਵਾਬ ਦੇ ਕੇ ਸੰਤੁਸ਼ਟ ਕੀਤਾ ਗਿਆ।

ਅੰਤ ਵਿੱਚ ਆਏ ਸੁਸਾਇਟੀ ਵਲੋਂ ਆਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਬਲਦੇਵ ਰਹਿਪਾ ਦੇ ਪਰਿਵਾਰ ਵਲੋਂ ਬਲਦੇਵ ਰਹਿਪਾਂ ਦੀ ਨਵਜਨਮੀ ਪੋਤਰੀ ਦੇ ਜਨਮ ਦੀ ਖੁਸੀ ਵੱਚ ਚਾਹ ਪਾਣੀ ਦੀ ਸੇਵਾ ਅਤੇ ਮੂੰਹ ਮਿੱਠਾ ਕਰਵਾਇਆ ਗਿਆ।ਸੁਸਾਇਟੀ ਬਾਰੇ ਜਾਣਕਾਰੀ ਲਈ ਬਲਦੇਵ ਰਹਿਪ 416-881-7202' , ਨਿਰਮਲ ਸੰਧ 416-835-3450 ਜਾਂ ਨਛੱਤਰ ਬਦੇਸ਼ਾ 647-267-3397 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀ ਸੋਧ ਬਾਰੇ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਨੋਟਿਸ ਜਾਰੀ

ਨਵੀਂ ਦਿੱਲੀ, 4 ਜੁਲਾਈ (ਪੋਸਟ ਬਿਊਰੋ)- ਸਾਲ 2015 ਤੋਂ ਮਨੀ ਲਾਂਡਰਿੰਗ ਕਾਨੂੰਨ ਨੂੰ ਧਨ ਬਿਲ ਦੇ ਰੂਪ ਵਿੱਚ ਸੋਧ ਕਰਨ ਦੇ ਵਿਰੋਧ ਵਿੱਚ ਦਾਖਲ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਪਟੀਸ਼ਨ ਕਾਂਗਰਸ ਪਾਰਲੀਮੈਂਟ ਮੈਂਬਰ ਜੈਰਾਮ ਰਮੇਸ਼ ਨੇ ਦਾਖਲ ਕੀਤੀ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਧਨ ਬਿਲ ਦੇ ਰੂਪ ਵਿੱਚ ਮਨੀ ਲਾਂਡਰਿੰਗ ਕਾਨੂੰਨ ਵਿੱਚ ਸੋਧ ਕਰਨਾ ਸੰਵਿਧਾਨ ਦੀ ਉਲੰਘਣਾ ਸੀ। ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ 28 ਫਰਵਰੀ ਦੇ ਹੁਕਮ ਦੇ ਵਿਰੁੱਧ ਜੈਰਾਮ ਰਮੇਸ਼ ਦੀ ਪਟੀਸ਼ਨ 'ਤੇ ਕੇਂਦਰ ਸਰਕਾਰ ਤੋਂ ਜਵਾਬ ਦੀ ਮੰਗ ਕੀਤੀ ਹੈ। ਹਾਈ ਕੋਰਟ ਨੇ ਇਸ ਕੇਸ ਵਿੱਚ ਰਮੇਸ਼ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਸੁਪਰੀਮ ਕੋਰਟ ਵਿੱਚ ਇਹ ਪਟੀਸ਼ਨ ਦਾਖਲ ਕੀਤੀ ਸੀ। ਜੈਰਾਮ ਰਮੇਸ਼ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਪੀ ਚਿਦੰਬਰਮ ਨੇ ਅਦਾਲਤ ਨੂੰ ਕਿਹਾ ਕਿ ਮਨੀ ਲਾਂਡਰਿੰਗ ਰੋਕੂ ਕਾਨੂੰਨ ਵਿੱਚ 2015 ਦੀ ਧਨ ਬਿਲ ਰਾਹੀਂ ਸੋਧ ਕੀਤੀ ਗਈ ਹੈ। ਇਸ ਕਾਨੂੰਨ ਵਿੱਚ 2013 ਤੱਕ ਆਮ ਬਿੱਲਾਂ ਵਾਂਗ ਸੋਧ ਕੀਤੀ ਜਾਂਦੀ ਸੀ, ਪਰ 2015 ਤੋਂ 2018 ਦੌਰਾਨ ਇਨ੍ਹਾਂ ਨੂੰ ਧਨ ਬਿਲ ਦੇ ਰੂਪ ਵਿੱਚ ਪਾਸ ਕੀਤਾ ਗਿਆ। ਧਨ ਬਿਲ ਅਜਿਹਾ ਬਿਲ ਹੁੰਦਾ ਹੈ ਜਿਸ ਨੂੰ ਸਿਰਫ ਲੋਕ ਸਭਾ ਵਿੱਚ ਪੇਸ਼ ਕੀਤਾ ਜਾ ਸਕਦਾ ਹੈ ਅਤੇ ਰਾਜ ਸਭਾ ਵਿੱਚ ਸੋਧ ਜਾਂ ਇਸ ਨੂੰ ਅਸਵੀਕਾਰ ਨਹੀਂ ਕਰ ਸਕਦੀ।


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8



A-Grade Tutoring Centre
Since 2004
15th SUMMER TUTORING
Special 2 Months (8 weeks) Program
MATH SCIENCE ENGLISH GRADES JK - 12
Classes will Start on
- July 02 (Tuesday) 1st Batch
- July 08(Monday) 2nd Batch
- July 15 (Monday) 3rd Batch
- July 22(Monday) 4th Batch
Starting from $50 /week (JK)
* Charges may vary according to the grade
Mrs. Manmeet Bhullar, OCT
M..Sc. (Physics), B.Ed.
(Certified Teacher of Math & Science)
- Ryerson University, Toronto Graduate & certified teachers by Ontario College of Teachers.
- Providing SUMMER TUTORING classes for ALL GRADES, since 2004, according to the curriculum of Ontario schools including:
- MATHEMATICS, SCIENCE, LANGUAGE ARTS (Reading, Writing, Phonics & Grammar).
- Very low student to teacher ratio.
- *Very-Very reasonable charges.*
Mr. Pushpinder Bhullar
M.A.Sc. (Mechanical Engg.)
(Graduate of Ryerson University, Toronto)
Springdale (Main Location) Unit # 2, 1098 Peter Robertson Blvd. (Karol Bagh Plaza) (Corner of Peter Robertson & Torbram)
Call : 905-790-1516



ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS





- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date
Jagdish Grewal
Sales Representative
Residential | Commercial | Investment
(416) 970-5005
Century 21 President Realty Inc Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# 'ਇਕ ਦੇਸ਼ ਇਕ ਚੋਣ': ਹਰੇਕ ਕਦਮ ਧਿਆਨ ਨਾਲ ਚੁੱਕਣਾ ਬਿਹਤਰ

-ਵਿਪਿਨ ਪੱਬੀ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਐਲਾਨ ਕਿ 'ਇਕ ਦੇਸ਼ ਇਕ ਚੋਣ' ਪ੍ਰਸਤਾਵ ਦੀ ਸਮੀਖਿਆ ਕਰਨ ਅਤੇ ਸੁਝਾਅ ਦੇਣ ਲਈ ਉਨ੍ਹਾਂ ਦੀ ਸਰਕਾਰ ਇਕ ਕਮੇਟੀ ਦਾ ਗਠਨ ਕਰੇਗੀ, ਨੇ ਕਾਂਗਰਸ ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਵਿਚਾਲੇ ਇਕ ਚਰਚਾ ਛੇੜ ਦਿੱਤੀ ਹੈ, ਜੋ ਸਿੱਧੇ ਤੌਰ 'ਤੇ ਇਸ ਪ੍ਰਸਤਾਵ ਦਾ ਵਿਰੋਧ ਕਰ ਰਹੀਆਂ ਹਨ। ਇਸ ਵਿਸ਼ੇ 'ਤੇ ਚਰਚਾ ਕਰਨ ਅਤੇ ਇਕ ਸਰਵਸੰਮਤੀ 'ਤੇ ਪਹੁੰਚਣ ਦੀ ਲੋੜ ਹੈ।

ਇਹ ਇਕ ਅਜਿਹਾ ਪ੍ਰਸਤਾਵ ਹੈ ਜਿਸ ਨੂੰ ਲਾਗੂ ਕਰ ਦਿੱਤਾ ਗਿਆ ਤਾਂ ਦੇਸ਼ ਦੀ ਸਿਆਸੀ ਪ੍ਰਣਾਲੀ 'ਚ ਬਹੁਤ ਬਦਲਾਅ ਆਏਗਾ ਅਤੇ ਇਸ ਦੇ ਲਈ ਸੰਵਿਧਾਨ 'ਚ ਸੋਧ ਦੀ ਲੋੜ ਹੋਵੇਗੀ। ਮਹੱਤਵਪੂਰਨ ਸਵਾਲ ਇਹ ਹੈ ਕਿ ਕੀ ਇਕ ਅਜਿਹੇ ਦੇਸ਼ ਦੇ ਲਈ ਅਜਿਹੀ ਸਿਆਸੀ ਪ੍ਰਣਾਲੀ ਵੱਲ ਜਾਣਾ ਲੋੜੀਂਦਾ ਹੈ, ਜੋ ਭਿੰਨਤਾ 'ਚ ਏਕਤਾ ਲਈ ਖੁਦ 'ਤੇ ਮਾਣ ਮਹਿਸੂਸ ਕਰਦੀ ਹੈ ਅਤੇ ਕੀ ਇਸ ਦੇ ਲਾਭ ਦੇਸ਼ ਦੀ ਜਮੂਹਰੀ ਪ੍ਰਣਾਲੀ ਦੀਆਂ ਹਾਨੀਆਂ ਨਾਲੋਂ ਵੱਧ ਹੋਣਗੇ?

ਇਹ ਵਿਚਾਰ ਆਪਣੇ ਆਪ 'ਚ ਨਵਾਂ ਨਹੀਂ ਹੈ। ਅਸਲ 'ਚ ਇਸ ਬਾਰੇ ਸਭ ਤੋਂ ਪਹਿਲਾ ਸੁਝਾਅ ਚੋਣ ਕਮਿਸ਼ਨ ਵੱਲੋਂ 1983 'ਚ ਆਇਆ ਸੀ, ਜਿਸ 'ਚ ਕਿਹਾ ਗਿਆ ਸੀ ਕਿ ਇਕ ਅਜਿਹੀ ਪ੍ਰਣਾਲੀ 'ਤੇ ਕੰਮ ਕੀਤਾ ਜਾਵੇ। ਇਸ ਤੋਂ ਬਾਅਦ ਜਸਟਿਸ ਬੀ ਪੀ ਜੀਵਨ ਰੈਡੀ ਦੀ ਪ੍ਰਧਾਨਗੀ ਵਾਲੇ ਕਾਨੂੰਨ ਕਮਿਸ਼ਨ ਨੇ 1999 'ਚ ਆਪਣੀ ਰਿਪੋਰਟ 'ਚ ਕਿਹਾ ਸੀ ਕਿ ਸਾਨੂੰ ਨਿਸ਼ਚੇ ਹੀ ਇਕ ਅਜਿਹੀ ਸਥਿਤੀ ਵੱਲ ਪਰਤਣਾ ਚਾਹੀਦਾ ਹੈ, ਜਿਥੇ ਲੋਕ ਸਭਾ ਅਤੇ ਸਾਰੀਆਂ ਵਿਧਾਨ ਸਭਾਵਾਂ ਲਈ ਚੋਣਾਂ ਨਾਲੋ-ਨਾਲ ਕਰਵਾਈਆਂ ਜਾਣ।

ਨਾਲੋ-ਨਾਲ ਚੋਣਾਂ ਕਰਵਾਉਣ ਦੇ ਪੱਖ ਅਤੇ ਵਿਰੋਧ 'ਚ ਦੋਵਾਂ ਤਰ੍ਹਾਂ ਦੇ ਤਰਕ ਹਨ, ਜੋ ਲੋਕ ਲੋਕ ਸਭਾ ਅਤੇ ਵਿਧਾਨ ਸਭਾਵਾਂ ਲਈ ਨਾਲੋ-ਨਾਲ ਚੋਣਾਂ ਕਰਵਾਉਣ ਦੇ ਪੱਖ 'ਚ ਹਨ। ਉਹ ਤਰਕ ਦਿੰਦੇ ਹਨ ਕਿ ਇਸ ਨਾਲ ਉਸ ਖਰਚ 'ਚ ਬਹੁਤ ਜ਼ਿਆਦਾ ਕਮੀ ਆਏਗੀ, ਜੋ ਵੱਖ-ਵੱਖ ਚੋਣਾਂ ਕਰਵਾਉਣ 'ਚ ਹੁੰਦਾ ਹੈ। ਉਹ ਇਹ ਵੀ ਤਰਕ ਦਿੰਦੇ ਹਨ ਕਿ ਲਗਾਤਾਰ ਚੋਣਾਂ ਹੋਣ 'ਤੇ ਉਸ ਦੌਰਾਨ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਨੀਤੀ 'ਚ ਢਿੱਲ ਆ ਜਾਂਦੀ ਹੈ ਅਤੇ ਆਮ ਪ੍ਰਸ਼ਾਸਨ ਪ੍ਰਭਾਵਿਤ ਹੁੰਦਾ ਹੈ, ਕਿਉਂਕਿ ਸਰਕਾਰਾਂ ਚੋਣ ਮੋਡ 'ਚ ਆ ਜਾਂਦੀਆਂ ਹਨ ਅਤੇ ਵਿਕਾਸ ਪ੍ਰਾਜੈਕਟ ਰੁਕ ਜਾਂਦੇ ਹਨ।

ਜੋ ਲੋਕ ਇਸ ਵਿਚਾਰ ਦੇ ਵਿਰੁੱਧ ਹਨ ਉਹ ਅਜਿਹੀ ਕਾਰਵਾਈ ਦੀਆਂ ਗੁੰਝਲਾਂ ਵੱਲ ਸੰਕੇਤ ਦਿੰਦੇ ਹਨ, ਜਿਨ੍ਹਾਂ 'ਚ ਇਸ ਨੂੰ ਲਾਗੂ ਕਰਨ ਦੀ ਵਿਵਹਾਰਕਤਾ ਸ਼ਾਮਲ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹਾ ਉਪਾਅ ਕੇਂਦਰ 'ਚ ਸੱਤਾਧਾਰੀ ਪਾਰਟੀ ਦੇ ਖੇਤਰੀ ਦਲਾਂ ਦੀ ਕੀਮਤ 'ਤੇ ਮਦਦ ਕਰੇਗਾ। ਸਭ ਤੋਂ ਮਹੱਤਵਪੂਰਨ ਤਰਕ ਇਹ ਹੈ ਕਿ ਹੋਵੇਗਾ ਜੇ ਸੂਬਾਈ ਸਰਕਾਰਾਂ ਡਿੱਗ ਜਾਣ ਜਾਂ ਕਾਨੂੰਨ ਵਿਵਸਥਾ ਬਣਾਈ ਰੱਖਣ 'ਚ ਅਸਫਲ ਹੋਣ 'ਤੇ ਅਜਿਹੀਆਂ ਸਰਕਾਰਾਂ ਨੂੰ ਬਰਖਾਸਤ ਕਰ ਦਿੱਤਾ ਜਾਵੇ? ਮੰਨ ਲਓ ਜੇ ਅਜਿਹੀਆਂ ਚੋਣਾਂ ਇਕ ਸਾਲ ਦੇ ਅੰਦਰ ਹੋ ਜਾਣ ਕੀ ਇਸ ਦਾ ਅਰਥ ਇਹ ਹੋਵੇਗਾ ਕਿ ਉਹ ਸੂਬਾ ਕੇਂਦਰੀ ਸ਼ਾਸਨ ਦੇ ਅਧੀਨ ਆ ਜਾਵੇਗਾ ਅਤੇ ਅਗਲੇ ਚਾਰ ਸਾਲਾਂ ਤੱਕ ਇਹੀ ਸਥਿਤੀ ਬਣੀ ਰਹੇਗੀ? ਇਸ ਤੋਂ ਵੀ ਬੁਰੀ ਸਥਿਤੀ ਉਦੋਂ ਹੋਵੇਗੀ ਜੇ ਕਿਸੇ ਕਾਰਨ ਕੇਂਦਰ ਸਰਕਾਰ ਡਿੱਗ ਜਾਵੇ ਅਤੇ ਉਸ ਦਾ ਕੋਈ ਬਦਲ ਨਾ ਹੋਵੇ। ਤਾਂ ਕੀ ਅਗਲੀਆਂ ਚੋਣਾਂ ਹੋਣ ਤੱਕ ਦੇਸ਼ 'ਚ ਰਾਸ਼ਟਰਪਤੀ ਸ਼ਾਸਨ ਲਾਗੂ ਹੋਵੇਗਾ?

ਆਖਰਕਾਰ 1952 ਤੋਂ ਲੈ ਕੇ ਹੁਣ ਤੱਕ 17 ਲੋਕ ਸਭਾਵਾਂ 'ਚੋਂ ਸੱਤ ਮਿਥੇ ਸਮੇਂ ਤੋਂ ਪਹਿਲਾਂ 1971, 1980, 1984, 1991, 1998, 1999 ਅਤੇ 2004 'ਚ ਭੰਗ ਹੋ ਗਈਆਂ। ਸਿਰਫ ਦੋ ਲੋਕ ਸਭਾ ਚੋਣਾਂ 1952 ਅਤੇ 1957 'ਚ ਅਜਿਹੀਆਂ ਸਨ, ਜਦੋਂ ਲੋਕ ਸਭਾ ਅਤੇ ਰਾਜ ਸੂਬਾਈ ਵਿਧਾਨ ਸਭਾਵਾਂ ਲਈ ਨਾਲੋ-ਨਾਲ ਚੋਣਾਂ ਕਰਵਾਈਆਂ ਗਈਆਂ। 2019 ਦੀਆਂ ਹਾਲੀਆ ਚੋਣਾਂ 'ਚ ਲੋਕ ਸਭਾ ਚੋਣਾਂ ਦੇ ਨਾਲ ਸਿਰਫ ਚਾਰ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ, ਉਹ ਸਨ ਆਂਧਰਾ ਪ੍ਰਦੇਸ਼, ਓਡਿਸ਼ਾ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਮ।

ਫਿਰ ਵੀ ਕੁਝ ਸੰਵਿਧਾਨਕ ਵਿਵਸਥਾਵਾਂ ਅਜਿਹੀਆਂ ਹਨ ਜਿਨ੍ਹਾਂ 'ਚ ਸੋਧ ਦੀ ਲੋੜ ਹੈ। ਜਸਟਿਸ ਬੀ ਐਸ ਚੌਹਾਨ ਦੀ ਪ੍ਰਧਾਨਗੀ ਵਾਲੇ ਕਾਨੂੰਨ ਕਮਿਸ਼ਨ ਨੇ 2012 'ਚ ਵਿਵਸਥਾ ਦਿੱਤੀ ਸੀ ਕਿ ਸੰਵਿਧਾਨ ਦੇ ਮੌਜੂਦਾ ਢਾਂਚੇ ਦੇ ਅੰਦਰ ਨਾਲੋ-ਨਾਲ ਚੋਣਾਂ ਨਹੀਂ ਕਰਵਾਈਆਂ ਜਾ ਸਕਦੀਆਂ। 'ਇਹ ਸੰਵਿਧਾਨ ਜਨ ਪ੍ਰਤੀਨਿਧਤਾ ਕਾਨੂੰਨ 1951 ਅਤੇ ਲੋਕ ਸਭਾ ਅਤੇ ਸੂਬਾਈ ਵਿਧਾਨ ਸਭਾਵਾਂ ਦੀ ਪ੍ਰਕਿਰਿਆ ਦੇ ਨਿਯਮਾਂ 'ਚ ਉਚਿਤ ਸੋਧਾਂ ਦੇ ਰਾਹੀਂ' ਕੀਤਾ ਜਾ ਸਕਦਾ ਹੈ। ਇਸ ਦੇ ਲਈ ਜ਼ਰੂਰੀ ਹੋਵੇਗਾ ਕਿ ਘੱਟੋ-ਘੱਟ 50 ਫੀਸਦੀ ਰਾਜ ਸੰਵਿਧਾਨਕ ਸੋਧਾਂ ਦੀ ਪੁਸ਼ਟੀ ਕਰਨ। ਸੰਭਾਵਨਾ ਹੈ ਕਿ ਕਾਂਗਰਸ ਸਮੇਤ ਵਿਰੋਧੀ ਪਾਰਟੀਆਂ ਇਸ ਪ੍ਰਸਤਾਵ ਦੇ ਵਿਰੋਧ 'ਚ ਰਹਿਣਗੀਆਂ। ਕਾਂਗਰਸ ਨੇ ਇਸ ਪ੍ਰਸਤਾਵ ਨੂੰ ਗੈਰ ਵਿਵਹਾਰਿਕ ਦੱਸਿਆ ਹੈ। ਤ੍ਰਿਣਮੂਲ ਨੇ ਐਲਾਨ ਕੀਤਾ ਹੈ ਕਿ ਇਹ 'ਲੋਕਤੰਤਰ ਵਿਰੋਧੀ ਅਤੇ ਗੈਰ ਸੰਵਿਧਾਨਕ' ਹੈ, ਜਦ ਕਿ ਖੱਬੇਪੱਖੀ ਦਲਾਂ ਨੇ ਵੀ ਪ੍ਰਸਤਾਵ ਦੇ ਵਿਵਹਾਰਿਕ ਪਹਿਲੂਆਂ 'ਤੇ ਸਵਾਲ ਉਠਾਏ ਹਨ ਜੇ ਸਰਕਾਰ ਇਸ ਪ੍ਰਸਤਾਵ 'ਤੇ ਅੜੀ ਰਹਿੰਦੀ ਹੈ ਤਾਂ ਇਸ ਨੂੰ ਉਦੋਂ ਤੱਕ ਉਡੀਕ ਕਰਨੀ ਹੋਵੇਗੀ, ਜਦੋਂ ਤੱਕ ਜ਼ਰੂਰੀ ਸੋਧ ਕਰਨ ਲਈ ਰਾਜ ਸਭਾ 'ਚ ਇਸ ਦੇ ਕੋਲ ਗਿਣਤੀ ਨਾ ਹੋ ਜਾਵੇ।

ਸਮਝਦਾਰੀ ਇਸੇ 'ਚ ਹੋਵੇਗੀ ਕਿ ਸਰਕਾਰ ਇਸ ਦਾ ਡੂੰਘਾਈ ਨਾਲ ਅਧਿਐਨ ਕਰੇ ਅਤੇ ਇਕ ਰਾਸ਼ਟਰੀ ਸਰਵਸੰਮਤੀ ਬਣਾਉਣ ਦਾ ਯਤਨ ਕਰੇ। ਇਸ ਨੂੰ ਵਿਵਸਥਾਵਾਂ 'ਚ ਕਿਸੇ ਦੀ ਅਸਪੱਸ਼ਟਤਾ ਦੇ ਬਿਨਾਂ ਇਕ ਠੋਸ ਮਾਮਲੇ ਦੇ ਨਾਲ ਸਾਹਮਣੇ ਆਉਣਾ ਅਤੇ ਵੱਖ-ਵੱਖ ਸਿਆਸੀ ਦਲਾਂ ਅਤੇ ਨਾਗਰਿਕਾਂ ਦੇ ਡਰਾਂ ਨੂੰ ਦੂਰ ਕਰਨਾ ਹੋਵੇਗਾ।

ਇਕ ਰਸਤਾ ਕਾਨੂੰਨ ਕਮਿਸ਼ਨ ਵੱਲੋਂ ਬੀਤੇ ਸਾਲ ਆਪਣੀ ਖਰੜਾ ਰਿਪੋਰਟ 'ਚ ਦਿੱਤੇ ਗਏ ਸੁਝਾਵਾਂ ਨੂੰ ਸਵੀਕਾਰ ਕਰਨਾ ਹੋ ਸਕਦਾ ਹੈ ਕਿ ਇਕ ਕੈਲੰਡਰ ਸਾਲ 'ਚ ਹੋਣ ਵਾਲੀਆਂ ਸਾਰੀਆਂ ਚੋਣਾਂ ਨੂੰ ਨਾਲੋ-ਨਾਲ ਆਯੋਜਿਤ ਕਰਵਾਇਆ ਜਾਵੇ। ਹੁਣ ਤੱਕ ਚੋਣ ਕਮਿਸ਼ਨ ਦੇ ਕੋਲ ਉਨ੍ਹਾਂ ਸੂਬਿਆਂ 'ਚ ਚੋਣਾਂ ਦੇ ਹੁਕਮ ਦੇਣ ਦੀਆਂ ਸ਼ਕਤੀਆਂ ਹਨ, ਜਿਥੇ ਵਿਧਾਨ ਸਭਾ ਚੋਣਾਂ ਅਗਲੇ ਛੇ ਮਹੀਨਿਆਂ 'ਚ ਹੋਣੀਆਂ ਹਨ। ਇਕ ਸਮੇਂ 'ਤੇ ਇਕ ਕਦਮ ਇਕ ਬਿਹਤਰ ਵਿਚਾਰ ਹੋਵੇਗਾ।

# ਡਾਕਟਰੀ ਕਿੱਤੇ ਵਿੱਚੋਂ ਮਨਫੀ ਹੋ ਰਹੀ ਨੈਤਿਕਤਾ

-ਸੁਮੀਤ ਸਿੰਘ

ਭਾਰਤ ਵਿੱਚ ਕੌਮੀ ਡਾਕਟਰ ਦਿਵਸ ਬੀਤੇ ਹਫਤੇ ਮਨਾਇਆ ਗਿਆ ਹੈ। ਇਹ ਦਿਨ ਮਨਾਉਣ ਦਾ ਮਕਸਦ ਲੋਕਾਂ ਨੂੰ ਇਹ ਅਹਿਸਾਸ ਕਰਾਉਣਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਡਾਕਟਰਾਂ ਦੀ ਕਿੰਨੀ ਜ਼ਿਆਦਾ ਮਹੱਤਤਾ ਹੁੰਦੀ ਹੈ ਤੇ ਇਨ੍ਹਾਂ ਵੱਲੋਂ ਕੀਤੇ ਸਹੀ ਇਲਾਜ ਤੇ ਪ੍ਰੇਰਨਾ ਨਾਲ ਅਸੀਂ ਸਿਹਤਮੰਦ ਜ਼ਿੰਦਗੀ ਜੀਣ ਦੇ ਕਾਬਲ ਬਣਦੇ ਹਾਂ। ਡਾਕਟਰ ਦਿਵਸ ਜਿਥੇ ਸਾਨੂੰ ਆਪਣੇ ਦਿਲਾਂ ਵਿੱਚ ਡਾਕਟਰਾਂ ਲਈ ਇੱਜ਼ਤ ਅਤੇ ਸਨਮਾਨ ਦੀ ਭਾਵਨਾ ਪੈਦਾ ਕਰਨ ਦਾ ਅਹਿਸਾਸ ਦਿਵਾਉਂਦਾ ਹੈ, ਉਥੇ ਸਮੁੱਚੇ ਡਾਕਟਰੀ ਭਾਈਚਾਰੇ ਨੂੰ ਉਨ੍ਹਾਂ ਦੀਆਂ ਮਰੀਜ਼ਾਂ ਅਤੇ ਆਮ ਲੋਕਾਂ ਵੱਲ ਜ਼ਿੰਮੇਵਾਰੀਆਂ ਚੇਤੇ ਕਰਾਉਣ ਦੇ ਨਾਲ ਸਿਹਤਮੰਦ ਸਮਾਜ ਦੇ ਵਿਕਾਸ ਲਈ ਸਮਰਪਿਤ ਹੋਣ ਵੱਲ ਵੀ ਸੇਧ ਦਿੰਦਾ ਹੈ।

ਦੁਨੀਆ ਭਰ ਦੇ ਸਾਰੇ ਕੰਮਾਂ ਵਿੱਚੋਂ ਡਾਕਟਰੀ ਉਹ ਸਨਮਾਨ ਜਨਕ ਕਿੱਤਾ ਹੈ, ਜਿਸ ਦਾ ਸਿੱਧਾ ਸਬੰਧ ਜ਼ਿੰਦਗੀ ਤੇ ਮਨੁੱਖਤਾ ਦੀ ਭਲਾਈ ਨਾਲ ਜੁੜਿਆ ਹੋਇਆ ਹੈ। ਡਾਕਟਰ ਦਾ ਮੁੱਖ ਫਰਜ਼ ਨਾ ਸਿਰਫ ਮਰੀਜ਼ ਨੂੰ ਤੰਦਰੁਸਤ ਕਰਨਾ ਹੈ, ਸਗੋਂ ਮਨੁੱਖ ਨੂੰ ਉਸ ਦੀ ਸਰੀਰਕ, ਮਾਨਸਿਕ ਤੇ ਸਮਾਜਿਕ ਸਿਹਤ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਜਾਗਰੂਕ ਕਰਨਾ ਵੀ ਹੈ। ਸਮਾਜ ਵਿੱਚ ਫੈਲੀ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਡਾਕਟਰ ਲਈ ਮੁੱਖ ਚੁਣੌਤੀ ਵਾਂਗ ਹੁੰਦੀ ਹੈ ਅਤੇ ਡਾਕਟਰੀ ਕਿੱਤੇ ਨੂੰ ਸਮਰਪਿਤ ਹਰ ਸੁਹਿਰਦ ਡਾਕਟਰ ਆਪਣੇ ਮਰੀਜ਼ ਨੂੰ ਤੰਦਰੁਸਤ ਕਰਨ ਲਈ ਆਪਣੀ ਕਾਬਲੀਅਤ ਅਤੇ ਸਮਰੱਥਾ ਅਨੁਸਾਰ ਪੂਰੀ ਵਾਹ ਲਾਉਂਦਾ ਹੈ।

ਮੌਜੂਦਾ ਪੂੰਜੀਵਾਦੀ ਅਤੇ ਮੁਨਾਫਾਖੋਰੀ ਯੁੱਗ ਦੇ ਮਾਰੂ ਪ੍ਰਭਾਵਾਂ ਕਾਰਨ ਹੋਰ ਕਿੱਤਿਆਂ ਵਾਂਗ ਇਹ ਕਿੱਤਾ ਵੀ ਸਿਰਫ ਪੈਸੇ ਕਮਾਉਣ ਦਾ ਸਾਧਨ ਬਣ ਚੁੱਕਾ ਹੈ। ਬਹੁਤੇ ਡਾਕਟਰ, ਖਾਸ ਕਰਕੇ ਪ੍ਰਾਈਵੇਟ ਹਸਪਤਾਲਾਂ ਤੇ ਕਲੀਨਿਕਾਂ ਦੇ ਡਾਕਟਰ ਮਨੁੱਖੀ ਸੇਵਾ ਦੀ ਬਜਾਏ ਇਸ ਨੂੰ ਮੁਨਾਫੇ ਦੇ ਧੰਦੇ ਵਜੋਂ ਲੈ ਰਹੇ ਹਨ। ਸਿਹਤ ਸੰਭਾਲ ਖੇਤਰ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਹੋਣ ਕਾਰਨ ਸਰਕਾਰੀ ਹਸਪਤਾਲਾਂ ਤੇ ਸਿਹਤ ਕੇਂਦਰਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਅਤੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦੇ ਨਾਂ ਹੇਠ ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਦੀ ਖੱਜਲ ਖੁਆਰੀ ਅਤੇ ਲੁੱਟ ਹੁੰਦੀ ਹੈ।

ਹਸਪਤਾਲ ਸਰਕਾਰੀ ਹੋਵੇ ਜਾਂ ਪ੍ਰਾਈਵੇਟ, ਮਰੀਜ਼ ਦੀ ਜਾਂਚ ਕਰਨ ਪਿੱਛੋਂ ਬਹੁਤੇ ਡਾਕਟਰ ਕਈ ਤਰ੍ਹਾਂ ਦੇ ਮਹਿੰਗੇ ਟੈਸਟ ਕਰਾਉਣ ਨੂੰ ਕਹਿੰਦੇ ਹਨ। ਬਿਮਾਰੀ ਲੱਭਣ ਲਈ ਭਾਵੇਂ ਕੁਝ ਬੁਨਿਆਦੀ ਟੈਸਟਾਂ ਦੀ ਲੋੜ ਹੁੰਦੀ ਹੈ, ਪਰ ਕਈ ਵਾਰ ਡਾਕਟਰ ਕੁਝ ਗੈਰ ਜ਼ਰੂਰੀ ਟੈਸਟ ਵੀ ਲਿਖ ਦਿੰਦੇ ਹਨ। ਮਰੀਜ਼ ਨੂੰ ਇਹ ਟੈਸਟ ਕਿਸੇ ਖਾਸ ਲੈਬਾਰਟਰੀ ਤੋਂ ਕਰਾਉਣ ਦੀ ਗੁੱਝੀ ਹਦਾਇਤ ਕੀਤੀ ਜਾਂਦੀ ਹੈ, ਕਿਉਂਕਿ ਇਨ੍ਹਾਂ ਪ੍ਰਾਈਵੇਟ ਪ੍ਰਯੋਗਸ਼ਾਲਾਵਾਂ ਅਤੇ



ਸਕੈਨਿੰਗ ਸੈਂਟਰਾਂ ਵਾਲੇ ਡਾਕਟਰਾਂ ਨੂੰ ਉਹ ਹਿੱਸਾ ਦਿੰਦੇ ਹਨ। ਬਹੁਤੇ ਡਾਕਟਰ ਕੁਝ ਵਿਸ਼ੇਸ਼ ਕੰਪਨੀਆਂ ਦੀਆਂ ਮਹਿੰਗੀਆਂ ਦਵਾਈਆਂ ਲਿਖਦੇ ਹਨ। ਇਹ ਤੱਥ ਅਕਸਰ ਮੀਡੀਆ ਅੰਦਰ ਚਰਚਾ ਦਾ ਵਿਸ਼ਾ ਬਣਦੇ ਰਹਿੰਦੇ ਹਨ, ਪਰ ਸਰਕਾਰੀ ਹਦਾਇਤਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ।

ਹਰ ਡਾਕਟਰ ਦਾ ਨੈਤਿਕ ਫਰਜ਼ ਹੈ ਕਿ ਉਹ ਮਰੀਜ਼ ਅਤੇ ਉਸ ਦੇ ਵਾਰਸਾਂ ਵਿੱਚ ਬਿਮਾਰੀ ਵਿਰੁੱਧ ਲੜਨ ਦੀ ਮਜ਼ਬੂਤ ਵਿਗਿਆਨਕ ਮਾਨਸਿਕਤਾ ਪੈਦਾ ਕਰੇ, ਪਰ ਬਹੁਤ ਸਾਰੇ ਡਾਕਟਰ ਮਰੀਜ਼ਾਂ ਦੇ ਵਾਰਸਾਂ ਨੂੰ ਇਹ ਗੱਲ ਦੇ ਨਾਲ ਗੁੰਮਰਾਹ ਕਰਦੇ ਹਨ, "ਮੈਂ ਤਾਂ ਦਵਾਈ ਦੇ ਦਿੱਤੀ ਹੈ, ਬਾਕੀ ਸਭ ਉਪਰ ਵਾਲੇ ਦੇ ਹੱਥ ਹੈ।" ਕਈ ਪ੍ਰਾਈਵੇਟ ਹਸਪਤਾਲਾਂ ਨੇ ਪਾਠ ਪੂਜਾ ਕਰਨ ਲਈ ਮਰੀਜ਼ਾਂ ਦੇ ਵਾਰਸਾਂ ਲਈ ਵਿਸ਼ੇਸ਼ ਪੂਜਾ ਸਥਾਨ ਬਣਾਏ ਹੋਏ ਹਨ ਤਾਂ ਕਿ ਮਰੀਜ਼ ਦੇ ਇਲਾਜ ਵਿਚਲੀ ਅਣਗਹਿਲੀ ਜਾਂ ਸਹੀ ਇਲਾਜ ਨਾ ਕਰ ਸਕਣ ਦਾ ਜ਼ਿੰਮਾ ਡਾਕਟਰਾਂ ਉੱਤੇ ਨਾ ਆਵੇ।

ਦੇਖਣ ਵਿੱਚ ਆਇਆ ਹੈ ਕਿ ਕਈ ਪ੍ਰਾਈਵੇਟ ਹਸਪਤਾਲ ਮਰੀਜ਼ਾਂ ਨੂੰ ਆਪਣੇ ਵੱਲ ਖਿੱਚਣ ਦੀ ਸੋਚ ਨਾਲ ਸਮੇਂ-ਸਮੇਂ ਉਤੇ ਮੁਫਤ ਮੈਡੀਕਲ ਕੈਂਪ ਵੀ ਲਾਉਂਦੇ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ਮਰੀਜ਼ਾਂ ਦੀ ਹਲਕੀ ਫੁਲਕੀ ਡਾਕਟਰੀ ਜਾਂਚ ਕਰ ਕੇ ਉਨ੍ਹਾਂ ਨੂੰ ਆਪਣੇ ਹਸਪਤਾਲ ਵਿੱਚੋਂ ਇਲਾਜ ਕਰਾਉਣ ਲਈ ਪ੍ਰੇਰਿਆ ਜਾਂਦਾ ਹੈ।

ਪੰਜਾਬ ਸਰਕਾਰ ਨੇ ਸਾਰੇ ਸਰਕਾਰੀ ਹਸਪਤਾਲਾਂ ਦੇ ਪ੍ਰਿੰਸੀਪਲਾਂ ਅਤੇ ਡਾਕਟਰਾਂ ਨੂੰ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਸਨ ਕਿ ਦਵਾਈ ਕੰਪਨੀਆਂ ਦੇ ਪ੍ਰਤੀਨਿਧਾਂ ਨੂੰ ਓ ਪੀ ਡੀ ਦੇ ਸਮੇਂ ਦੌਰਾਨ ਨਾ ਮਿਲਿਆ ਜਾਵੇ, ਪਰ ਇਨ੍ਹਾਂ ਹਦਾਇਤਾਂ ਨੂੰ ਅਕਸਰ ਅਣਗੌਲਿਆ ਕੀਤਾ ਜਾਂਦਾ ਹੈ, ਜਿਸ ਨਾਲ ਮਰੀਜ਼ਾਂ ਦਾ ਸਮਾਂ ਖਰਾਬ ਹੁੰਦਾ ਹੈ। ਇਥੇ ਇਹ ਤੱਥ ਵੀ ਲੁਕਿਆ ਨਹੀਂ ਕਿ ਸਰਕਾਰੀ ਡਾਕਟਰਾਂ ਨੂੰ ਨਾਨ ਪ੍ਰੈਕਟਿਸ ਅਲਾਊਂਸ ਮਿਲਦਾ ਹੋਣ ਦੇ ਬਾਵਜੂਦ ਕਈ ਡਾਕਟਰ ਪ੍ਰਾਈਵੇਟ ਪ੍ਰੈਕਟਿਸ ਕਰਦੇ ਹਨ। ਸਵਾਲ ਇਹ ਹੈ ਕਿ ਇੰਨੀਆ ਤਨਖਾਹਾਂ ਅਤੇ ਹੋਰ ਸਹੂਲਤਾਂ ਦੇ ਬਾਵਜੂਦ ਸਰਕਾਰੀ ਡਾਕਟਰ ਮਰੀਜ਼ਾਂ ਦੇ ਸਹੀ ਇਲਾਜ ਵੱਲ ਧਿਆਨ ਕਿਉਂ ਨਹੀਂ ਦਿੰਦੇ?

ਪ੍ਰਾਈਵੇਟ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਬੇਸ਼ੱਕ ਸਰਕਾਰੀ ਹਸਪਤਾਲਾਂ ਤੋਂ ਬਿਹਤਰ ਸਹੂਲਤਾਂ ਮਿਲਦੀਆਂ ਹਨ, ਪਰ ਇਹ ਉਨ੍ਹਾਂ ਲੋਕਾਂ ਨੂੰ ਮਿਲਦੀਆਂ ਹਨ, ਜਿਹੜੇ ਮਹਿੰਗਾ ਇਲਾਜ ਕਰਾਉਣ ਦੇ ਸਮਰਥ ਹੁੰਦੇ ਹਨ। ਅਜਿਹੇ ਹਸਪਤਾਲਾਂ ਤੇ ਕਲੀਨਿਕਾਂ ਦੇ ਡਾਕਟਰਾਂ ਦੀ ਓ ਪੀ ਡੀ ਫੀਸ ਹੀ ਇੰਨੀ ਜ਼ਿਆਦਾ ਹੁੰਦੀ ਹੈ ਕਿ ਆਮ ਲੋਕਾਂ ਵਿੱਚ ਦੇਣ ਦੀ ਸਮਰੱਥਾ ਹੀ ਨਹੀਂ ਹੁੰਦੀ। ਜ਼ਿਆਦਾਤਰ ਪ੍ਰਾਈਵੇਟ ਹਸਪਤਾਲਾਂ ਅਤੇ ਕਲੀਨਿਕਾਂ ਦੇ ਡਾਕਟਰਾਂ ਲਈ ਮਰੀਜ਼ ਸਿਰਫ ਗਾਹਕ ਹੈ।

ਸਿੱਖਿਆ ਦੇ ਵਪਾਰੀਕਰਨ ਦੇ ਨਤੀਜੇ ਵਜੋਂ ਡਾਕਟਰੀ ਦੀ ਡਿਗਰੀ ਜਿਵੇਂ ਮਹਿੰਗੀ ਹੋਈ ਹੈ, ਉਸ ਹਿਸਾਬ ਨਾਲ ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਤੇ ਡਾਕਟਰਾਂ ਤੋਂ ਆਮ ਲੋਕਾਂ ਲਈ ਸਸਤੇ ਤੇ ਵਧੀਆ ਇਲਾਜ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ। ਇਹੀ ਵਜ੍ਹਾ ਹੈ ਕਿ ਬਹੁਤੇ ਡਾਕਟਰ ਪੈਸੇ ਕਮਾਉਣ ਦੀ ਲਾਲਸਾ ਮੁੱਖ ਰੱਖ ਕੇ ਪਿੰਡਾਂ, ਕਸਬਿਆਂ ਅਤੇ ਪਿਛੜੇ ਇਲਾਕਿਆਂ ਵਿੱਚ ਡਿਊਟੀ ਕਰਨ ਤੋਂ ਗੁਰੇਜ਼ ਕਰਦੇ ਹਨ। ਉਂਜ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਜਨਤਕ ਸਿਹਤ ਢਾਂਚੇ ਵਿੱਚ ਨਿਘਾਰ ਦੇ ਬਾਵਜੂਦ ਸਰਕਾਰੀ ਹਸਪਤਾਲਾਂ ਦੇ ਕਈ ਡਾਕਟਰ ਪੂਰੀ ਨੇਕ ਨੀਤੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਇਕ ਪਹਿਲੂ ਇਹ ਵੀ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਆਧੁਨਿਕ ਇਲਾਜ ਪ੍ਰਣਾਲੀ, ਡਾਕਟਰਾਂ ਦੀ ਘਾਟ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਕਰਾਉਣ ਜੋਗੇ ਨਾ ਹੋਣ ਕਾਰਨ ਬਹੁ-ਗਿਣਤੀ ਗਰੀਬ ਤੇ ਪਿਛੜੇ ਵਰਗ ਦੇ ਲੋਕ ਕਚਘਰੜ ਡਾਕਟਰਾਂ, ਨੀਮ ਹਕੀਮਾਂ, ਪਾਖੰਡੀ ਸਾਧਾਂ ਤੇ ਜੋਤਸ਼ੀਆਂ ਕੋਲ ਫਸ ਜਾਂਦੇ ਹਨ, ਜਿਹੜੇ ਇਲਾਜ ਦੀ ਥਾਂ ਲੋਕਾਂ ਦਾ ਸਿਰਫ ਆਰਥਿਕ, ਸਰੀਰਕ ਤੇ ਮਾਨਸਿਕ ਸੋਸ਼ਣ ਕਰਦੇ ਹਨ।

ਇਸ ਹਾਲਤ ਵਿੱਚ ਸਾਰੇ ਡਾਕਟਰਾਂ ਦਾ ਫਰਜ਼ ਬਣਦਾ ਹੈ ਕਿ ਉਹ ਹਰ ਤਰ੍ਹਾਂ ਦੇ ਸਵਾਰਥ ਅਤੇ ਲਾਲਚ ਤੋਂ ਉਪਰ ਉਠ ਕੇ ਮਰੀਜ਼ਾਂ ਤੇ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਹੋਣ। ਇਸ ਤਰ੍ਹਾਂ ਕਰਨ ਨਾਲ ਹੀ ਲੋਕ ਮਨਾਂ ਵਿੱਚ ਡਾਕਟਰਾਂ ਦਾ ਭਰੋਸਾ ਬਹਾਲ ਹੋ ਸਕਦਾ ਹੈ। ਇਸ ਦੇ ਨਾਲ ਜੇ ਮੌਜੂਦਾ ਕੇਂਦਰ ਤੇ ਰਾਜ ਸਰਕਾਰਾਂ ਆਮ ਲੋਕਾਂ ਦੀ ਵਧੀਆ ਸਿਹਤ ਸੰਭਾਲ ਲਈ ਸਚਮੁੱਚ ਸੁਹਿਰਦ ਹਨ ਤਾਂ ਉਨ੍ਹਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਸਸਤੀਆਂ ਆਧੁਨਿਕ ਇਲਾਜ ਸਹੂਲਤਾਂ ਹਾਸਲ ਕਰਾਉਣ ਦੇ ਨਾਲ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਖਿਲਾਫ ਕਾਨੂੰਨੀ ਸ਼ਿਕੰਜਾ ਕੱਸਣਾ ਚਾਹੀਦਾ ਹੈ।

# ਜੰਗਲੀ ਜੀਵਾਂ ਅਤੇ ਜੰਗਲਾਂ ਦੀ ਸ਼ਾਂਭ ਸੰਭਾਲ ਪ੍ਰਤੀ ਅਣਗਹਿਲੀ ਕਿਉਂ ?

ਮੇਜਰ ਸਿੰਘ ਨਾਭਾ

ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ।ਵਾਤਾਵਰਣ ਦਾ ਸੰਤੁਲਨ ਰੱਖਣ ਵਿੱਚ ਇਸ ਦੀ ਅਹਿਮ ਭੂਮਿਕਾ ਹੈ।ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ।ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ।ਇਤਿਹਾਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਬੀੜ ਦੁਸਾਂਝ ਹੈ ।ਇਸ ਵਿੱਚ ਰੋਜ,ਨੀਲ ਗਊ,ਗਿੱਦੜ,ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ।ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ,ਸਾਨ੍ਹ ਵੀ ਜੰਗਲੀ ਬਣ ਚੁੱਕੇ ਹਨ।ਜੌੜੇਪੁਲਾਂ ਘਣੀਵਾਲ,ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ।ਇਸੇ ਰੋਡ ਤੇ ਨਾਭੇ ਦੇ ਰਾਜੇ ਵਲੋਂ ਬੀੜ'ਚ ਸ਼ਿਕਾਰ ਕਰਨ ਸਮੇਂ ਠਹਿਰ ਲਈ ਬਣਾਈ ਸ਼ਾਨਦਾਰ ਕਲਾਤਮਿਕ ਕੋਠੀ 'ਚ ਅੱਜਕੱਲ੍ਹ ਫਿਲਮਾਂ ਅਤੇ ਪ੍ਰੀ-ਵੈਡਿੰਗ ਸੂਟਿੰਗ ਹੁੰਦੀ ਰਹਿੰਦੀ ਹੈ।ਇਸ ਕਰਕੇ ਆਵਾਜਾਈ ਹੋਰ ਵੀ ਵੱਧ ਗਈ ਹੈ।ਸੈਂਕੜੇ ਲੋਕ ਸਵੇਰੇ ਸ਼ਾਮ ਸਰਕਾਰੀ ਮੱਝ ਫਾਰਮ ਜੋ ਇਸੇ ਸੜਕ ਤੇ ਸਥਿਤ ਹੈ ਤੋਂ ਦੁੱਧ ਲੈਣ ਜਾਂਦੇ ਹਨ ਜਿਨ੍ਹਾਂ ਨੂੰ ਡੰਗਰਾਂ ਅਤੇ ਬਾਂਦਰਾਂ ਦੇ ਝੁੰਡਾਂ'ਚੋਂ ਲੰਘਣਾ ਮੁਸ਼ਕਲ ਹੁੰਦਾ ਹੈ।ਇਸੇ ਤਰ੍ਹਾਂ ਇਸ ਸੜਕ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ,ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ ।ਕਈ ਜਾਨਾਂ ਵੀ ਜਾ ਚੁੱਕੀਆਂ ਹਨ।ਸਕੂਲਾਂ,ਕਾਲਜਾਂ ਵਿੱਚ ਪੜ੍ਹਦੇ



ਬੱਚੇ ਮਜਬੂਰੀਵਸ਼ ਰੋਜ਼ਾਨਾ ਇਥੋਂ ਦੀ ਡਰ ਡਰ ਕੇ ਲੰਘਦੇ ਹਨ।ਸਕੂਲ,ਕਾਲਜ/ਟਿਊਸ਼ਨ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ।ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ।ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ।ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ'ਚ ਵਿਘਨ ਵੀ ਪੈਂਦਾ ਹੈ ।ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ। ਬੀੜ ਦੇ ਨਾਲ ਲਗਦੇ ਖੇਤਾਂ ਵਾਲੇ ਕਿਸਾਨ ਰਲ ਕੇ 24 ਘੰਟੇ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਪਹਿਰਾ ਦਿੰਦੇ ਹਨ।ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਡੰਗਰਾਂ ਨੂੰ ਫੜ੍ਹ ਕੇ ਗਊਸ਼ਾਲਾ ਵਿੱਚ ਭੇਜੇ ਜੇ ਹੋਰ ਨਹੀਂ ਤਾਂ ਬੀੜ ਦੇ ਅੰਦਰ ਵਧੀਆ ਰਸਤਾ ਬਣਾ ਕੇ ਚਾਰਾ ਪਾਉਣ ਲਈ ਜਗ੍ਹਾ ਬਣਾ ਦੇਵੇ।ਬਾਂਦਰਾਂ ਲਈ ਵੀ ਬੀੜ ਅੰਦਰ ਮੇਨ ਸੜਕ ਤੋਂ ਰਸਤਾ ਦੇ ਕੇ ਸੁਰੱਖਿਅਤ ਥਾਂ ਬਣਾਈ ਜਾਵੇ ਜਿਥੇ ਲੋਕ ਆਸਾਨੀ ਨਾਲ ਬੇਖੌਫ਼ ਖਾਣ ਵਾਲੀਆਂ ਵਸ਼ਤਾਂ ਪਾ ਸਕਣ। ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ,2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ,ਸਾਨ੍ਹ, ਬਲਦ,ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸ਼ੌਂਪੀ ਗਈ ਹੈ।ਇਸ ਲਈ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮਨੁੱਖੀ ਅੱਤਿਆਚਾਰ ਤੋਂ ਬਚਾਉਣਾ ਹੈ।ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ।ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ।ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ ,ਉਨ੍ਹਾਂ ਨੂੰ ਵੀ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ।ਬਹੁਤ ਸਾਰੇ ਦਰੱਖਤ ਸੁੱਕ ਕੇ ਜਾਂ ਹਨੇਰੀ ਆਦਿ ਨਾਲ ਗਿਰੇ ਪਏ ਹਨ ਜਿਨ੍ਹਾਂ ਦੀ ਕੀਮਤੀ ਲਕੜੀ ਖਰਾਬ ਹੋ ਰਹੀ ਹੈ ,ਇਸ ਵੱਲ ਵਿਭਾਗ ਦਾ ਕੋਈ ਧਿਆਨ ਨਹੀਂ,ਜਦੋਂ ਕਿ ਲਕੜੀ ਵੇਚ ਕੇ ਸਰਕਾਰ ਦੀ ਆਮਦਨ ਵੱਧ ਸਕਦੀ ਹੈ।ਸੜਕਾਂ ਤੇ ਆਮ ਸੁੱਕੇ ਦਰੱਖਤ ਦਿਖਾਈ ਦੇ ਰਹੇ ਹਨ,ਜੋ ਕਿ ਕਿਸੇ ਸਮੇਂ ਭੀ ਅਚਾਨਕ ਗਿਰ ਸਕਦੇ ਹਨ ।ਪਿਛੇ ਜਿਹੇ ਸਰਕੂਲਰ ਰੋਡ ਨਾਭਾ ਵਿਖੇ ਬਾਈਕ ਤੇ ਜਾ ਰਹੇ ਟੋਡਰਵਾਲ ਪਿੰਡ ਦੇ ਭੈਣ ਭਰਾ ਉੱਪਰ ਅਚਾਨਕ ਸੁੱਕੇ ਦਰਖੱਤ ਦਾ ਟਾਹਣਾ ਟੁੱਟ ਕੇ ਗਿਰ ਪਿਆ ਜਿਸ ਨਾਲ ਭਰਾ ਦੀ ਮੌਕੇ ਤੇ ਹੀ ਮੌਤ ਹੋ ਗਈ ਜਦੋਂ ਕਿ ਭੈਣ ਗੰਭੀਰ ਰੂਪ'ਚ ਜਖ਼ਮੀ ਹੋ ਗਈ।ਇਸ ਦੀ ਜ਼ੁੰਮੇਵਾਰੀ ਲੈਣ ਲਈ ਪ੍ਰਸਾਸ਼ਨ ਬਿਲਕੁਲ ਤਿਆਰ ਨਹੀਂ ਹੈ?ਪ੍ਰਸ਼ਾਸਨ ਇਸ ਘਟਨਾ ਦੇ ਬਾਵਜੂਦ ਬਿਲਕੁਲ ਹਰਕਤ'ਚ ਨਹੀਂ ਆਇਆ।ਸੁੱਕੇ ਦਰਖਤਾਂ ਦੀ ਬੋਲੀ ਕਰਕੇ ਆਮਦਨ ਪ੍ਰਾਪਤ ਹੋ ਸਕਦੀ ਹੈ ਜਦੋਂ ਕਿ ਸਰਕਾਰ ਖਜ਼ਾਨਾ ਖਾਲੀ ਹੋਣ ਦੀ ਦੁਹਾਈ ਪਾ ਰਹੀ ਹੈ।ਪਰ ਜੰਗਲਾਤ ਵਿਭਾਗ ਦਾ ਇਸ ਵੱਲ ਕੋਈ ਧਿਆਨ ਨਹੀਂ।ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ।ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।ਇਨ੍ਹਾਂ ਜੰਗਲੀ ਥਾਵਾਂ ਦੀ ਉੱਚਿਤ ਵਰਤੋਂ ਕਰਕੇ ਦੋਵੇਂ ਮਸਲੇ ਹੱਲ ਕੀਤੇ ਜਾ ਸਕਦੇ ਹਨ।ਇਲਾਕੇ ਦੇ ਬੱਚਿਆਂ ਦੇ ਮਨਪ੍ਰਚਾਵੇ ਲਈ ਇਨ੍ਹਾਂ ਥਾਵਾਂ ਤੇ 'ਚਿੜੀਆ ਘਰ' ਬਣਾ ਕੇ ਉਨ੍ਹਾਂ ਦੇ ਵਹਿਲੇ ਸਮੇਂ ਨੂੰ ਉਸਾਰੂ ਪਾਸੇ ਲਾਉਣ ਲਈ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ ਕਿਉਂ ਕਿ ਜੰਗਲੀ ਜੀਵ ਅਤੇ ਜੰਗਲਾਤ ਮੰਤਰੀ ਵੀ ਸਬੱਬ ਨਾਲ ਨਾਭਾ ਹਲਕੇ ਦੇ ਹੀ ਹਨ,ਉਹ ਇਸ ਨੇਕ ਕੰਮ ਨੂੰ ਕਰਵਾ ਕੇ ਹਮੇਸ਼ਾਂ ਲਈ ਹਲਕੇ ਦੇ ਲੋਕਾਂ ਦੇ ਮਨਾਂ ਵਿੱਚ ਵੱਸ ਸਕਦੇ ਹਨ।ਮਹਿਕਮੇ ਵਲੋਂ ਸੁੱਕੇ ਅਤੇ ਨਿਕੰਮੇ ਦਰਖੱਤਾਂ ਦੀ ਥਾਂ ਨਵੇਂ ਫਲਦਾਰ ਅਤੇ ਕੀਮਤੀ ਲਕੜੀ ਵਾਲੇ ਬੂਟੇ ਲਾਏ ਜਾਣ ਤਾਂ ਜੋ ਜੰਗਲੀ ਜਾਨਵਰਾਂ ਲਈ ਖਾਣ ਲਈ ਸਹਾਈ ਹੋਣਗੇ।ਇਸ ਤਰ੍ਹਾਂ ਇਨ੍ਹਾਂ ਜਾਨਵਰਾਂ ਦੀ ਸੰਭਾਲ ਵੀ ਕੀਤੀ ਜਾ ਸਕਦੀ ਹੈ ਅਤੇ ਆਮਦਨ ਦਾ ਸਾਧਨ ਵੀ ਬਣ ਸਕਦੇ ਹਨ।

# 'ਨਵੇਂ ਜਮਾਨੇ ਦੇ ਪਤੀ ਦੇ ਛਿਪੇ ਦਰਦ ਦੀ ਕਹਾਣੀ'

ਅਭਿਸ਼ੇਕ ਦਾ ਐਕਸੀਡੈਂਟ ਹੋ ਚੁੱਕਾ ਹੈ . ਸਿਰ ਵਿਚੋਂ ਲਹੂ ਵਗ ਰਿਹਾ ਹੈ, ਇੱਕ ਹੱਥ ਕਾਰ ਦੀ ਬਾਰੀ ਵਿਚੋਂ ਬਾਹਰ ਨਿਕਲਿਆ ਪਿਆ ਹੈ ਅੱਤੇ ਉਸਦਾ ਮੋਬਾਇਲ ਕਾਰ ਵਿੱਚੋਂ ਬਾਹਰ ਡਿਗਿਆ ਪਿਆ ਹੈ . ਲੋਕ ਇਕੱਠੇ ਹੋਏ ਪਏ ਹਨ ਅਤੇ ਆਵਾਜ਼ਾਂ ਆ ਰਹੀਆਂ ਹਨ "ਬਹੁਤ ਮਾੜਾ ਹੋਇਆ, ਇਹ ਕਿਵੇਂ ਹੋ ਗਿਆ . ਮੁੰਡਾ ਤਾਂ ਪੜ੍ਹਿਆ ਲਿਖਿਆ, ਸੋਹਣਾ ਸੁਨੱਖਾ ਲਗਦਾ ."

ਅਭਿਸ਼ੇਕ ਨੂੰ ਹਸਪਤਾਲ ਪਹੁੰਚਾਇਆ ਜਾਂਦਾ ਹੈ . ਪੁਲਿਸ ਵੀ ਪਹੁੰਚ ਜਾਂਦੀ ਹੈ . ਇੰਸਪੇਕਟਰ ਅਭਿਸ਼ੇਕ ਨੂੰ ਪੁਛਦਾ ਹੈ "ਕੀ ਹੋਇਆ ਸੀ?" "ਕੁਝ ਨਹੀਂ" . "ਐਕਸੀਡੈਂਟ ਆਮ ਨਹੀਂ ਲੱਗਦਾ, ਸਿਧੀ ਸੜਕ ਤੋਂ ਗੱਡੀ ਇੱਕ ਦਮ ਸੜਕ ਤੋਂ ਥੱਲੇ ਕਿਵੇਂ ਆ ਗਈ, ਕੀ ਉੱਥੇ ਕੋਈ ਹੋਰ ਵੀ ਵਾਹਨ ਸੀ ?" "ਜੀ ਨਹੀਂ ." "ਫਿਰ ਗੱਲ ਕੀ ਬਣੀ, ਕੋਈ ਨਸ਼ਾ ਪੱਤਾ ?" "ਜੀ ਨਹੀਂ ." "ਕਿਸੇ ਕਿਸਮ ਦੀ ਜਾਣਕਾਰੀ ਤੁਸੀਂ ਕੋਈ ਦੇਣਾ ਚਾਹੋਂ ?" "ਨਹੀਂ ਕੁਝ ਵੀ ਨਹੀਂ, ਬਸ ਜੋ ਲੇਖਾਂ ਵਿੱਚ ਲਿਖਿਆ ਸੀ ਹੋ ਗਿਆ ." ਇੰਸਪੇਕਟਰ ਚੁੱਪ ਕਰ ਜਾਂਦਾ ਹੈ ਅਤੇ ਚਲਾ ਜਾਂਦਾ ਹੈ .

ਇੰਸਪੇਕਟਰ ਆਪਣੇ ਨਾਲ ਦੇ ਸਿਪਾਹੀ ਨੂੰ ਕਹਿੰਦਾ ਹੈ "ਕੋਈ ਨਾ ਕੋਈ ਗੱਲ ਤਾਂ, ਜਰੂਰ ਹੈ, ਕੋਈ ਗੜਬੜ ਤਾਂ ਹੈ . ਆਪਾਂ ਇਸਦੇ ਬਾਰੇ ਤਫਤੀਸ਼ ਕਰੀਏ . " ਪੁਲਿਸ ਉਸਦੇ ਬਾਰੇ ਸਾਰੀ ਜਾਣਕਾਰੀ ਇਕੱਠਾ ਕਰਦੀ ਹੈ . ਨਾ ਹੀ ਅਭਿਸ਼ੇਕ ਦਾ ਕੋਈ ਦੁਸ਼ਮਨ ਨਿਕਲਦਾ ਹੈ ਣਾ ਹੀ ਉਸਨੇ ਕਦੇ ਨਸ਼ੇ ਪੱਤੇ ਨੂੰ ਹੱਥ ਲਾਇਆ ਹੁੰਦਾ ਹੈ . ਉਸਦੇ ਆਂਢ ਗੁਆਂਢ ਵਾਲੇ ਵੀ ਉਸਦੇ ਬਾਰੇ ਚੰਗੀਆਂ ਗੱਲਾਂ ਹੀ ਕਹਿੰਦੇ ਹਨ .

ਇੰਸਪੇਕਟਰ ਆਪਣੇ ਨਾਲ ਦੇ ਸਿਪਾਹੀ ਨੂੰ ਕਹਿੰਦਾ ਹੈ "ਅਭਿਸ਼ੇਕ ਬਾਰੇ ਤਾਂ ਸਾਰੇ ਹੀ ਤਰੀਫਾਂ ਦੇ ਪੁਲ ਬੰਨੀ ਜਾਂਦੇ ਹਨ . ਮੈਨੂੰ ਤਾਂ ਇੰਝ ਲਗਦਾ ਇਸ ਤੋਂ ਸ਼ਰੀਫ਼ ਤਾਂ ਕੋਈ ਮੁੰਡਾ ਹੀ ਨਹੀਂ ਹੋਣਾ . ਇਸ ਦਾ ਸੁਭਾ ਵੀ ਕਿੰਨਾ ਮਿੱਠਾ ਹੈ . ਜੇ ਇਸਦਾ ਵਿਆਹ ਨਾ ਹੋਇਆ ਹੁੰਦਾ ਤਾਂ ਮੈਂ ਆਪਣੀ ਭੈਣ ਦਾ ਰਿਸ਼ਤਾ ਇਸੇ ਨਾਲ ਹੀ ਕਰ ਦਿੰਦਾ ." ਦੋਵੇਂ ਹੱਸਣ ਲੱਗ ਜਾਂਦੇ ਹਨ . "ਉਹ ਸਚ, ਮੈਂ ਉਸਦਾ ਮੋਬਾਇਲ ਤਾਂ ਵਾਪਿਸ ਕਰਨਾ ਹੀ ਭੁਲ ਗਿਆ ."

ਇੰਸਪੇਕਟਰ ਮੋਬਾਇਲ ਆਪਣੀ ਜੇਬ ਵਿੱਚੋਂ ਕਢਦਾ ਹੈ ਅੱਤੇ ਉਸਦਾ ਅੰਗੂਠਾ ਮੈਸੇਜ ਵਾਲੇ ਬਟਨ ਤੇ ਲਗ ਜਾਂਦਾ ਹੈ ਅਤੇ ਇੱਕ ਮੈਸੇਜ ਕੁਦਰਤੀ ਖੁਲ ਜਾਂਦਾ ਹੈ . ਮੈਸੇਜ ਪੜ੍ਹਦੇ ਹੀ ਇੰਸਪੇਕਟਰ ਦੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਹਨ . ਉਸਦੇ ਮੂਹੋਂ ਆਪ ਮੁਹਾਰੇ ਹੀ ਨਿਕਲਦਾ ਹੈ "ਇਹ ਤਾਂ ਸੋਚਿਆ ਹੀ ਨਹੀਂ ਸੀ !" ਫਿਰ ਇੰਸਪੇਕਟਰ ਤਰਸ ਭਰੀਆਂ ਅੱਖਾਂ ਨਾਲ ਅਭਿਸ਼ੇਕ ਕੋਲ ਜਾਂਦਾ ਅੱਤੇ ਚੁਪ ਚਾਪ ਉਸਨੂੰ ਉਸਦਾ ਮੋਬਾਇਲ ਮੋੜ ਦਿੰਦਾ ਹੈ .

ਨਾਲ ਵਾਲਾ ਸਿਪਾਹੀ ਇੰਸਪੇਕਟਰ ਨੂੰ ਪੁਛਦਾ ਹੈ "ਸਰ ਮੈਨੂੰ ਵੀ ਦੱਸੋ ਉਸ ਮੈਸੇਜ ਵਿੱਚ ਏਹੋ ਜਿਹਾ ਕੀ ਲਿਖਿਆ ਸੀ ?" ਇੰਸਪੇਕਟਰ ਨੇ ਜਵਾਬ ਦਿੰਦਿਆਂ ਕਿਹਾ "ਉਹ ਮੈਸੇਜ ਕਿਸੇ ਬਿਗਾਨੇ ਬੰਦੇ ਦਾ ਨਹੀਂ ਬਲਕਿ ਉਸਦੀ ਪਤਨੀ ਦਾ ਹੀ ਸੀ . ਇਹ ਵਿਚਾਰਾ ਭਗਤ ਬੰਦਾ ਵੀ, ਭੈੜੀ ਜਨਾਨੀ ਦਾ ਸ਼ਿਕਾਰ ਸੀ ! ਉਸ ਮੈਸੇਜ ਵਿੱਚ ਪਤਾ ਕੀ ਲਿਖਿਆ ਸੀ ! ਯਾ ਤਾਂ ਮੈਨੂੰ ਚੁਣ ਲੈ ਯਾ ਫਿਰ ਆਪਣੀ ਮਾਂ ਨੂੰ !"

ਅਮਨਪ੍ਰੀਤ ਸਿੰਘ 7658819651

## ਹਲਕਾ ਫੁਲਕਾ

ਇੱਕ ਮੁੰਡਾ ਅਚਾਨਕ ਇੱਕ ਕੁੜੀ ਨੂੰ ਦੇਖ ਕੇ ਸ਼ਾਇਰ ਬਣ ਗਿਆ। ਉਹ ਬੋਲਿਆ, "ਲਫਜ਼ ਤੇਰੇ, ਗੀਤ ਮੇਰੇ, ਗਜ਼ਲ ਕੋਈ ਸੁਨਾ ਡਾਲੂੰ ਕਯਾ?"
ਕੁੜੀ ਬੋਲੀ, "ਹੱਥ ਮੇਰੇ, ਗਾਲ ਤੇਰੇ, ਕਾਨ ਕੇ ਨੀਚੇ ਬਜਾ ਡਾਲੂੰ ਕਯਾ?"

*********

ਹਕੀਮ, "ਸ਼ਾਇਦ ਜ਼ਹਿਰ ਫੈਲ ਗਿਆ ਹੈ ਲੱਤ ਕੱਟਣੀ ਪਵੇਗੀ।"
ਕੁਝ ਦਿਨ ਬਾਅਦ ਦੂਜੀ ਲੱਤ ਵੀ ਨੀਲੀ ਪੈ ਗਈ।
ਹਕੀਮ, "ਇਸ ਵਿੱਚ ਵੀ ਜ਼ਹਿਰ ਫੈਲ ਗਿਆ ਹੈ। ਇਹ ਵੀ ਕੱਟਣੀ ਪਵੇਗੀ।"
ਹਕੀਮ ਨੇ ਮਰੀਜ਼ ਦੀਆਂ ਦੋਵੇਂ ਲੱਤਾਂ ਕੱਟ ਦਿੱਤੀਆਂ ਅਤੇ ਬਨਾਉਟੀ ਲੱਤਾਂ ਲਾ ਦਿੱਤੀਆਂ। ਫਿਰ ਬਨਾਉਟੀ ਲੱਤਾਂ ਵੀ ਪੀਲੀਆਂ ਪੈ ਗਈਆਂ।
ਹਕੀਮ, "ਓਹੋ, ਤੇਰੀ ਬਿਮਾਰੀ ਸਮਝ ਆ ਗਈ। ਭਰਾ, ਤੇਰੀ ਲੁੰਗੀ ਰੰਗ ਛੱਡਦੀ ਹੈ।"

*********

ਪਤੀ, "ਸਵੀਟ ਹਾਰਟ ਸੁਣ ਨਾ।"
ਪਤਨੀ, "ਹਾਂ ਬਕ।"
ਪਤੀ, "ਤਮੀਜ਼ ਨਾਲ ਵੀ ਗੱਲ ਕਰ ਲਿਆ ਕਰ ਕਦੇ।"
ਪਤਨੀ, "ਜੀ ਬਕੋ।"

## ਐਡੀਡਾਸ ਵੱਲੋਂ ਕੀਤੇ ਨਸਲਵਾਦੀ ਟਵੀਟ ਨਾਲ ਹੰਗਾਮਾ ਮਚਿਆ



ਜਲੰਧਰ, 4 ਜੁਲਾਈ (ਪੋਸਟ ਬਿਊਰੋ)- ਸਪੋਰਟਸ ਗੁਡਸ ਅਤੇ ਸਪੋਰਟਸ ਵੇਅਰ ਦੀ ਪ੍ਰਮੁੱਖ ਕੰਪਨੀ ਐਡੀਡਾਸ ਟਵਿੱਟਰ 'ਤੇ ਰੰਗ ਨਸਲਵਾਦੀ ਟਿੱਪਣੀ ਬਾਰੇ ਵਿਵਾਦ ਵਿੱਚ ਆ ਗਈ ਹੈ।

ਅਸਲ ਵਿੱਚ ਯੂ ਕੇ ਵਿੱਚ ਐਡੀਡਾਸ ਨੇ ਡੇਅਰ ਟੂ ਕੇਅਰ ਹੈਸ਼ ਟੈਗ ਦੇ ਨਾਲ ਇੱਕ ਕੰਪੇਨ ਆਰਸੇਨਲ ਦੇ ਨਾਲ ਮਿਲ ਕੇ ਲਾਂਚ ਕੀਤੀ ਸੀ। ਇਸ ਦੇ ਨਾਲ ਇੱਕ ਟੀ-ਸ਼ਰਟ ਦੀ ਫੋਟੋ ਸੀ ਜਿਸ 'ਤੇ ਲਿਖਿਆ ਸੀ 'ਦਿਸ ਇਜ਼ ਹੋਮ ਵੈਲਕਮ ਟੂ ਦ ਸਕਵਾਡ ਨਾਊ ਇਟਜ਼ ਟਾਈਮ ਟੂ ਸੀਲ ਦ ਡੀਲ-ਆਰਡਰ ਨਿਊ ਸ਼ਰਟ ਹੇਅਰ', ਪਰੰਤੂ ਇਸ ਦੇ ਨਾਲ ਟਵਿੱਟਰ 'ਹੈਂਡਲ ਗੈਸ ਆਲ ਜਿਊਸ' ਸੀ। ਯੂਰਪੀਨ ਇਤਿਹਾਸ ਦੇ ਸੰਬੰਧ ਵਿੱਚ ਇਸ ਦਾ ਖਾਸ ਮਤਲਬ ਹੈ ਕਿਉਂਕਿ ਹਿਟਲਰ ਨੇ ਯਹੂਦੀਆਂ ਨੂੰ ਗੈਸ ਦੇ ਨਾਲ ਮਾਰਿਆ ਸੀ। ਇਸ ਲਈ ਐਡੀਡਾਸ ਦਾ ਇਹ ਕੰਪੇਨ ਇੱਕ ਅਜਿਹੇ ਟਵਿੱਟਰ ਹੈਂਡਲ ਦੇ ਨਾਲ ਜੁੜਨ ਦੇ ਕਾਰਨ ਨਸਲਵਾਦੀ ਟਿੱਪਣੀ ਦਾ ਸ਼ਿਕਾਰ ਹੋ ਗਿਆ ਅਤੇ ਲੋਕਾਂ ਨੇ ਇਸ ਟਵਿੱਟਰ 'ਤੇ ਨਫਰਤ ਭਰੇ ਕਮੈਂਟਸ ਦੀ ਝੜੀ ਲਾ ਦਿੱਤੀ। ਆਖਰ ਵਿੱਚ ਐਡੀਡਾਸ ਨੂੰ ਇਹ ਟਵੀਟ ਹਟਾਉਣਾ ਪਿਆ ਤੇ ਕੰਪੇਨ ਨੂੰ ਬੰਦ ਕਰ ਦਿੱਤਾ ਗਿਆ। ਇਸ ਵਿਵਾਦ ਦੇ ਬਾਅਦ ਐਡੀਡਾਸ ਦੇ ਬੁਲਾਰੇ ਨੇ ਕਿਹਾ ਕਿ ਆਰਸੇਨਲ ਨਾਲ ਸਾਡੀ ਭਾਈਵਾਲੀ ਕਾਰਨ ਅਸੀਂ ਆਰਸੇਨਲ ਦੇ ਪ੍ਰਸ਼ੰਸਕਾਂ ਨੂੰ ਟੀ-ਸ਼ਰਤ ਉਤੇ ਆਪਣਾ ਨਾਂਅ ਲਿਖਵਾਉਣ ਦੇ ਨਾਲ ਉਨ੍ਹਾਂ ਨੂੰ ਜਾਗਰੂਕ ਵੀ ਕਰ ਰਹੇ ਸਾਂ, ਪਰ ਛੋਟੀ ਜਿਹੀ ਤਕਨੀਕੀ ਗਲਤੀ ਕਾਰਨ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਲਾਉਣ ਵਾਲਾ ਟਵੀਟ ਕੰਪਨੀ ਦੇ ਅਧਿਕਾਰਕ ਟਵਿੱਟਰ ਹੈਂਡਲ ਤੋਂ ਟਵੀਟ ਹੋ ਗਿਆ। ਸਾਡੀ ਟਵਿੱਟਰ ਟੀਮ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਦੂਸਰੇ ਪਾਸੇ ਆਰਸੇਨਲ ਫੁਟ ਕਲੱਬ ਨੇ ਸਾਫ ਕੀਤਾ ਹੈ ਕਿ ਸਭਿਆ ਸਮਾਜ ਵਿੱਚ ਅਜਿਹੀ ਭਾਸ਼ਾ ਦੀ ਕੋਈ ਜਗ੍ਹਾ ਨਹੀਂ ਹੈ ਅਤੇ ਅਸੀਂ ਇਸ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਕਲੱਬ ਹੋਣ ਦੇ ਨਾਤੇ ਅਸੀਂ ਭਾਵਨਾਵਾਂ ਦਾ ਸਨਮਾਨ ਕਰਦੇ ਹਾਂ ਅਤੇ ਇਸ ਦੇ ਲਈ 2008 ਤੋਂ ਅਸੀਂ ਇਸ ਨੂੰ ਵੀ ਚਲਾ ਰਹੇ ਹਾਂ।

## ਇਨਫੋਰਸਮੈਂਟ ਨੇ ਅਮਰਿੰਦਰ ਸਿੰਘ ਦੇ ਜਵਾਈ ਗੁਰਪਾਲ ਸਿੰਘ 'ਤੇ ਸ਼ਿਕੰਜਾ ਕਸਿਆ

ਜਲੰਧਰ, 4 ਜੁਲਾਈ (ਪੋਸਟ ਬਿਊਰੋ)- ਬਹੁ-ਕਰੋੜੀ ਬੈਂਕ ਕਰਜ਼ਾ ਘਪਲੇ ਬਾਰੇ ਜਦੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜਵਾਈ ਗੁਰਪਾਲ ਸਿੰਘ ਅਤੇ ਹੋਰਨਾਂ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਸ਼ਿਕੰਜਾ ਕੱਸਣਾ ਸ਼ੁਰੂ ਕੀਤਾ ਅਤੇ ਗੁਰਪਾਲ ਸਿੰਘ ਨਾਲ ਸੰਬੰਧਤ ਸਿੰਭਾਵਲੀ ਸ਼ੂਗਰਜ਼ ਲਿਮਟਿਡ ਦੀ 109.08 ਕਰੋੜ ਰੁਪਏ ਕੀਮਤ ਦੀ ਜਾਇਦਾਦ ਕੁਰਕ ਕਰ ਲਈ ਤਾਂ ਇਸ ਨਾਲ ਕਾਂਗਰਸੀ ਹਲਕਿਆਂ ਵਿੱਚ ਹਲਚਲ ਮੱਚ ਗਈ। ਇਸ ਕੇਸ ਵਿੱਚ ਗੁਰਪਾਲ ਸਿੰਘ ਦੇ ਨਾਲ ਇੱਕ ਦਰਜਨ ਹੋਰ ਵਿਅਕਤੀਆਂ ਦੇ ਨਾਂਅ ਵੀ ਹਨ। ਕੈਪਟਨ ਅਮਰਿੰਦਰ ਸਿੰਘ ਦੀ ਇਸ ਕੇਸ ਵਿੱਚ ਕੋਈ ਸ਼ਮੂਲੀਅਤ ਨਹੀਂ ਹੈ, ਫਿਰ ਵੀ ਜਵਾਈ ਦੇ ਬਹਾਨੇ ਉਹ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ।

ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਮੁਤਾਬਕ ਧੋਖਾਦੇਹੀ ਕੇਸ ਵਿੱਚ ਸਾਰੀ ਕਾਰਵਾਈ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ 2002 ਅਧੀਨ ਕੀਤੀ ਗਈ ਹੈ। ਉੱਤਰ ਪ੍ਰਦੇਸ਼ ਦੇ ਹਾਪੁੜ ਨੇੜੇ ਸਿੰਭਾਵਲੀ ਵਿਖੇ ਇਸ ਕੰਪਨੀ ਦੀ ਜ਼ਮੀਨ, ਬਿਲਡਿੰਗ, ਪਲਾਂਟ ਤੇ ਮਸ਼ੀਨਰੀ ਨੂੰ ਕੁਰਕ ਕਰਨ ਦਾ ਅੰਤ੍ਰਿਮ ਹੁਕਮ ਜਾਰੀ ਕੀਤਾ ਗਿਆ ਸੀ। ਸੀ ਬੀ ਆਈ ਨੇ ਗੰਨਾ ਕਿਸਾਨਾਂ ਨੂੰ ਮਾਇਕ ਮਦਦ ਦੇਣ ਦੇ ਬਹਾਨੇ ਓਰੀਐਂਟਲ ਬੈਂਕ ਆਫ ਕਾਮਰਸ (ਓ ਬੀ ਸੀ) ਨਾਲ ਧੋਖਾ ਕਰਨ ਦੇ ਸੰਬੰਧ ਵਿੱਚ ਕੰਪਨੀ ਅਤੇ ਹੋਰ ਲੋਕਾਂ ਦੇ ਵਿਰੁੱਧ ਕੇਸ ਦਰਜ ਕੀਤਾ ਸੀ। ਇਸ ਮਾਮਲੇ ਵਿੱਚ ਸੀ ਬੀ ਆਈ ਗੁਰਪਾਲ ਸਿੰਘ ਕੋਲੋਂ ਪੁੱਛਗਿੱਛ ਕਰ ਚੁੱਕੀ ਹੈ।




ਵਰਨਣ ਯੋਗ ਹੈ ਕਿ ਬੈਂਕ ਵੱਲੋਂ ਸੀ ਬੀ ਆਈ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਗਿਆ ਸੀ ਕਿ ਪਹਿਲਾਂ ਨਾਨ-ਪ੍ਰਫਾਰਮਰ ਅਕਾਊਂਟ (ਐੱਨ ਪੀ ਏ) ਵਾਲੀ ਸਿੰਭਾਵਲੀ ਸ਼ੂਗਰਜ਼ ਮਿਲ ਨੂੰ ਬੈਂਕ ਨੇ ਗੰਨਾ ਕਿਸਾਨਾਂ ਨੂੰ ਖੇਤੀ ਕਰਨ ਲਈ ਆਰ ਬੀ ਆਈ ਵੱਲੋਂ 2011 ਵਿੱਚ ਜਾਰੀ ਕੀਤੇ ਇੱਕ ਸਰਕੂਲਰ ਦੇ ਆਧਾਰ ਉੱਤੇ 2012 ਵਿੱਚ ਉਕਤ ਕਰਜ਼ਾ ਪ੍ਰਵਾਨ ਕੀਤਾ ਸੀ। ਸਾਰਾ ਕੇਸ ਪਿਛਲੇ ਸਾਲ ਫਰਵਰੀ ਵਿੱਚ ਜਦੋਂ ਜ਼ਾਹਰ ਹੋਇਆ ਤਾਂ ਸੀ ਬੀ ਆਈ ਨੇ ਸਿੰਭਾਵਲੀ ਸ਼ੂਗਰਜ਼ ਲਿਮਟਿਡ ਅਤੇ ਕੁਝ ਅਧਿਕਾਰੀਆਂ ਵਿਰੁੱਧ ਲਗਭਗ 110 ਕਰੋੜ ਰੁਪਏ ਦੀ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਸੀ। ਇਹ ਕੇਸ ਓ ਬੀ ਸੀ ਦੀ ਸ਼ਿਕਾਇਤ ਉੱਤੇ ਦਰਜ ਹੋਇਆ ਸੀ। ਸੀ ਬੀ ਆਈ ਨੇ ਕੰਪਨੀ ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਜਵਾਈ ਗੁਰਪਾਲ ਸਿੰਘ ਦਾ ਨਾਂਅ ਵੀ ਸ਼ਾਮਲ ਕੀਤਾ ਸੀ ਅਤੇ ਉਸ ਤੋਂ ਬਾਅਦ ਸਿਆਸੀ ਹਲਕਿਆਂ ਵਿੱਚ ਭੜਥੂ ਪੈ ਗਿਆ ਸੀ।

ਸਿੰਭਾਵਲੀ ਸ਼ੂਗਰਜ਼ ਲਿਮਟਿਡ ਉੱਤੇ ਦੋਸ਼ ਹੈ ਕਿ ਗੰਨਾ ਕਿਸਾਨਾਂ ਨੂੰ ਕਰਜ਼ਾ ਦੇਣ ਦੇ ਨਾਂਅ ਉੱਤੇ ਓਰੀਐਂਟਲ ਬੈਂਕ ਆਫ ਕਾਮਰਸ ਨੂੰ ਕਈ ਕਰੋੜ ਦਾ ਚੂਨਾ ਲਾਇਆ ਗਿਆ ਹੈ। ਦਰਜ ਕੇਸ ਦੇ ਮੁਤਾਬਕ ਬੈਂਕ ਨੇ 2012 ਵਿੱਚ ਕੰਪਨੀ ਨੂੰ 148.59 ਕਰੋੜ ਰੁਪਏ ਕਰਜ਼ਾ ਦਿੱਤਾ ਸੀ, ਜਿਹੜਾ 5762 ਕਿਸਾਨਾਂ ਵਿਚ ਵੰਡਣਾ ਸੀ। ਜਾਂਚ ਦੌਰਾਨ ਪਤਾ ਲੱਗਾ ਹੈ ਕਿ ਕੰਪਨੀ ਵਿੱਤੀ ਸੰਕਟ ਵਿੱਚੋਂ ਲੰਘ ਰਹੀ ਸੀ। ਇਸ ਸੰਕਟ ਤੋਂ ਛੁਟਕਾਰਾ ਹਾਸਲ ਕਰਨ ਲਈ ਕੰਪਨੀ ਨੇ ਬੈਂਕ ਨਾਲ ਸੰਪਰਕ ਕਰ ਕੇ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਕਰਜ਼ਾ ਮੰਗਿਆ ਤਾਂ ਬੈਂਕ ਅਤੇ ਕੰਪਨੀ ਵਿਚਾਲੇ 18 ਜਨਵਰੀ 2012 ਨੂੰ ਸਮਝੌਤੇ ਉੱਤੇ ਦਸਖਤ ਕੀਤੇ ਗਏ। ਬੈਂਕ ਨੇ ਕੰਪਨੀ ਨੂੰ ਕਰਜ਼ਾ ਦੇ ਦਿੱਤਾ ਤਾਂ ਕੰਪਨੀ ਨੇ ਨਾ ਕਿਸਾਨਾਂ ਨੂੰ ਰਕਮ ਵੰਡੀ ਅਤੇ ਨਾ ਬੈਂਕ ਨੂੰ ਵਾਪਸ ਕੀਤੀ। ਜਾਂਚ ਦੌਰਾਨ ਪਤਾ ਲੱਗਾ ਕਿ ਕਿਸਾਨਾਂ ਨੂੰ ਕਰਜ਼ੇ ਦੀ ਅਦਾਇਗੀ ਵਾਸਤੇ ਲਈ ਰਕਮ ਦੀ ਵਰਤੋਂ ਪੁਰਾਣੇ ਕਰਜ਼ੇ ਅਦਾ ਕਰਨ ਅਤੇ ਕੰਪਨੀ ਦੇ ਹੋਰ ਖਰਚਿਆਂ ਲਈ ਕੀਤੀ ਗਈ ਹੈ।

## ਬੀਬੀ ਜਗੀਰ ਕੌਰ ਇੱਕ ਵਾਰ ਫਿਰ ਅਦਾਲਤੀ ਚੱਕਰ ਵਿੱਚ

\ਚੰਡੀਗੜ੍ਹ, 4 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਅਤੇ ਪੰਜਾਬ ਦੀ ਸਾਬਕਾ ਮੰਤਰੀ ਬੀਬੀ ਜਗੀਰ ਕੌਰ ਆਪਣੀ ਧੀ ਦੇ ਕਤਲ ਦੇ ਦੋਸ਼ਾਂ ਵਾਲੇ ਕੇਸ ਬਾਰੇ ਫਿਰ ਕਾਨੂੰਨੀ ਚੱਕਰ 'ਚ ਫਸਦੀ ਜਾ ਰਹੀ ਹੈ। ਉਸ ਨੂੰ ਬਰੀ ਕਰਨ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਵਿਰੁੱਧ ਦਾਇਰ ਪਟੀਸ਼ਨ ਦੀ ਸੁਣਵਾਈ ਲਈ ਸੁਪਰੀਮ ਕੋਰਟ ਤਿਆਰ ਹੋ ਗਈ ਹੈ। ਮਰਹੂਮ ਹਰਪ੍ਰੀਤ ਕੌਰ ਦਾ ਪਤੀ ਹੋਣ ਦਾ ਦਾਅਵਾ ਕਰਦੇ ਕਮਲਜੀਤ ਸਿੰਘ ਨੇ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਪੰਜਾਬ ਹਰਿਆਣਾ ਹਾਈ ਕੋਰਟ ਨੇ ਹਰਪ੍ਰੀਤ ਕੌਰ ਦੀ ਹੱਤਿਆ ਦੇ ਕੇਸ ਦਾ ਫੈਸਲਾ ਸੁਣਾਉਂਦੇ ਸਮੇਂ ਉਸ ਦੀ ਮਾਂ ਬੀਬੀ ਜਗੀਰ ਕੌਰ ਨੂੰ ਦੋਸ਼ ਮੁਕਤ ਕਰਾਰ ਦਿੱਤਾ ਸੀ। ਕੋਰਟ ਨੇ ਜਗੀਰ ਕੌਰ ਨੂੰ ਸੀ ਬੀ ਆਈ ਕੋਰਟ ਵੱਲੋਂ ਹੋਈ ਪੰਜ ਸਾਲ ਦੀ ਕੈਦ ਦੀ ਸਜ਼ਾ ਰੱਦ ਕਰ ਦਿੱਤੀ ਸੀ। ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਦੀ 20 ਜੂਨ 2000 ਨੂੰ ਸ਼ੱਕੀ ਹਾਲਾਤ ਵਿੱਚ ਮੌਤ ਹੋਈ ਸੀ, ਜਿਸ ਮਗਰੋਂ ਜਗੀਰ ਕੌਰ ਉੱਤੇ ਆਪਣੀ ਧੀ ਨੂੰ ਅਗਵਾ ਕਰਨ ਅਤੇ ਬਾਅਦ 'ਚ ਜ਼ਬਰਨ ਗਰਭਪਾਤ ਕਰਾਉਣ ਅਤੇ ਕਤਲ ਕਰਨ ਦਾ ਦੋਸ਼ ਲਾਇਆ ਗਿਆ ਸੀ। ਸੀ ਬੀ ਆਈ ਅਦਾਲਤ ਨੇ ਬੀਬੀ ਜਗੀਰ ਕੌਰ ਨੂੰ ਕਤਲ ਦੇ ਦੋਸ਼ ਤੋਂ ਮੁਕਤ ਕਰ ਦਿੱਤਾ ਸੀ, ਪਰ ਉਨ੍ਹਾਂ ਨੂੰ ਅਗਵਾ ਅਤੇ ਜਬਰੀ ਗਰਭਪਾਤ ਦਾ ਦੋਸ਼ੀ ਕਰਾਰ ਦਿੱਤਾ ਅਤੇ ਉਨ੍ਹਾਂ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਫਿਰ ਇਹ ਮਾਮਲਾ ਹਾਈ ਕੋਰਟ ਗਿਆ ਸੀ। ਸੀ ਬੀ ਆਈ ਦੀ ਚਾਰਜਸ਼ੀਟ ਮੁਤਾਬਕ ਹਰਪ੍ਰੀਤ ਕੌਰ ਨੇ ਘਰੋਂ ਭੱਜ ਕੇ ਆਪਣੇ ਪ੍ਰੇਮੀ ਕਮਲਜੀਤ ਸਿੰਘ ਦੇ ਨਾਲ ਚੋਰੀ ਛਿਪੇ ਵਿਆਹ ਕਰ ਲਿਆ ਸੀ। ਬੀਬੀ ਜਗੀਰ ਕੌਰ ਉਸ ਵੇਲੇ ਸ਼੍ਰੋਮਣੀ ਕਮੇਟੀ ਪ੍ਰਧਾਨ ਸੀ, ਉਸ ਨੂੰ ਆਪਣੀ ਧੀ ਦਾ ਇਸ ਤਰ੍ਹਾਂ ਕਰਨਾ ਮਨਜ਼ੂਰ ਨਹੀਂ ਸੀ। ਪਹਿਲਾਂ ਹਰਪ੍ਰੀਤ ਕੌਰ ਉਤੇ ਕਮਲਪ੍ਰੀਤ ਤੋਂ ਵੱਖ ਹੋਣ ਦਾ ਦਬਾਅ ਪਾਇਆ ਗਿਆ, ਪਰ ਇਨਕਾਰ ਕਰਨ ਉਤੇ ਉਸ ਨੂੰ ਜਬਰੀ ਫਗਵਾੜਾ ਦੇ ਇੱਕ ਮਕਾਨ ਵਿੱਚ ਰੱਖ ਕੇ ਖਾਣੇ ਵਿੱਚ ਪੈਸਟੀਸਾਈਡ ਦੇ ਕੇ ਉਸ ਦੀ ਹੱਤਿਆ ਕਰ ਦਿੱਤੀ ਗਈ। ਮਰਨ ਵੇਲੇ ਹਰਪ੍ਰੀਤ ਗਰਭਵਤੀ ਸੀ। ਕਮਲਜੀਤ ਸਿੰਘ ਦੀ ਸ਼ਿਕਾਇਤ ਉਤੇ ਹਾਈ ਕੋਰਟ ਨੇ ਸੀ ਬੀ ਆਈ ਜਾਂਚ ਲਈ ਆਦੇਸ਼ ਦਿੱਤੇ ਸਨ। ਇਸ ਤੋਂ ਪਹਿਲਾਂ ਕਮਲਜੀਤ ਇੱਕ ਵਾਰ ਬੀਬੀ ਜਗੀਰ ਕੌਰ ਵਿਰੁੱਧ ਦੋਸ਼ਾਂ ਤੋਂ ਮੁੱਕਰ ਗਿਆ ਸੀ, ਪਰ ਬਾਅਦ ਵਿੱਚ ਉਸ ਨੇ ਕੋਰਟ ਸਾਹਮਣੇ ਕਬੂਲ ਕੀਤਾ ਕਿ ਇਸ ਤਰ੍ਹਾਂ ਉਸ ਨੇ ਦਬਾਅ ਵਿੱਚ ਕੀਤਾ ਸੀ ਤੇ ਇਸ ਦੇ ਬਾਅਦ ਬੀਬੀ ਨੂੰ ਸਜ਼ਾ ਹੋ ਗਈ ਸੀ।

## ਰੇਲਵੇ ਲਾਈਨਾਂ ਉੱਤੇ ਸਟੰਟ ਕਰਦੇ ਪੰਜ ਜਣੇ ਕਾਬੂ

ਲੁਧਿਆਣਾ, 4 ਜੁਲਾਈ (ਪੋਸਟ ਬਿਊਰੋ)- ਰੇਲਵੇ ਪ੍ਰੋਟੈਕਸ਼ਨ ਫੋਰਸ (ਆਰ ਪੀ ਐੱਫ) ਨੇ ਗਿੱਲ ਨਹਿਰ 'ਤੇ ਬਣੇ ਰੇਲਵੇ ਪੁਲ ਤੋਂ ਹੁਲੜਬਾਜ਼ੀ ਕਰਦੇ ਪੰਜ ਨੌਜਵਾਨਾਂ ਨੂੰ ਫੜ ਕੇ ਕੇਸ ਦਰਜ ਕੀਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਇਹ ਨੌਜਵਾਨ ਰੇਲਵੇ ਲਾਈਨਾਂ 'ਤੇ ਜੋਖਮ ਭਰੇ ਸਟੰਟ ਕਰ ਰਹੇ ਸਨ। ਪਤਾ ਲੱਗਾ ਹੈ ਕਿ ਕੱਲ੍ਹ ਆਰ ਪੀ ਐੱਫ ਦੀ ਟੀਮ ਗਿੱਲ ਨਹਿਰ ਦੇ ਪੁਲ ਉਤੇ ਨੌਜਵਾਨਾਂ ਵੱਲੋਂ ਕੀਤੇ ਜਾਂਦੇ ਜੋਖਮ ਭਰੇ ਸਟੰਟਾਂ ਨੂੰ ਰੋਕਣ ਅਤੇ ਉਨ੍ਹਾਂ ਨੂੰ ਜਾਗਰੂਕ ਕਰਨ ਪਹੁੰਚੀ ਅਤੇ ਓਥੇ ਜਾ ਕੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਅਤੇ ਆਸ ਪਾਸ ਦੇ ਲੋਕਾਂ ਨੂੰ ਇਹ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਮਝਾਉਣ। ਇਸ ਦੇ ਬਾਵਜੂਦ ਕੁਝ ਨੌਜਵਾਨ ਅਜਿਹਾ ਕਰਨ ਤੋਂ ਬਾਜ਼ ਨਹੀਂ ਆਏ, ਜਿਸ ਉਤੇ ਕਾਰਵਾਈ ਕਰਦਿਆਂ ਆਰ ਪੀ ਐੱਫ ਟੀਮ ਨੇ ਸਟੰਟ ਕਰਨ ਵਾਲੇ ਪੰਜ ਨੌਜਵਾਨਾਂ ਨੂੰ ਫੜ ਕੇ ਮਾਮਲਾ ਦਰਜ ਕਰ ਲਿਆ ਹੈ। ਇਨ੍ਹਾਂ ਦੀ ਪਛਾਣ ਹਰਪ੍ਰੀਤ ਸਿੰਘ, ਦੀਪਕ ਸਿੰਘ, ਗੁੱਡੂ, ਅਲੀਮ ਅਤੇ ਜੇਹਰੀਬ ਵਜੋਂ ਹੋਈ ਹੈ।

ਇਹ ਨੌਜਵਾਨ ਨਹਿਰ ਵਿੱਚ ਨਹਾਉਣ ਦਾ ਬਹਾਨਾ ਬਣਾ ਕੇ ਘਰਾਂ ਵਿੱਚੋਂ ਨਿਕਲਦ ਅਤੇ ਨਹਿਰ ਉਤੇ ਬਣੇ ਰੇਲਵੇ ਪੂਲ 'ਤੇ ਖੜੇ ਹੋ ਕੇ ਟਰੇਨ ਆਉਣ ਦੀ ਉਡੀਕ ਕਰਦੇ ਤੇ ਟਰੇਨ ਨੂੰ ਹੱਥ ਲਾ ਕੇ ਨਹਿਰ ਵਿੱਚ ਛਾਲ ਮਾਰਦੇ ਹਨ। ਇਸ ਦਾ ਪੱਤਾ ਲੱਗਣ ਉੱਤੇ ਆਰ ਪੀ ਐੱਫ ਨੇ ਖਾਸ ਟੀਮ ਬਣਾਈ ਤੇ ਅਗਲੀ ਕਾਰਵਾਈ ਕੀਤੀ ਸੀ।

### ਮਾਲੇਰਕੋਟਲਾ ਬੇਅਦਬੀ ਕਾਂਡ:

## ਗਵਾਹਾਂ ਨੇ ਮੁੱਖ ਦੋਸ਼ੀਆਂ ਦੀ ਪਛਾਣ ਸਮੇਂ ਆਮ ਆਦਮੀ ਪਾਰਟੀ ਦਾ ਵਿਧਾਇਕ ਨਹੀਂ ਪਛਾਣਿਆ

ਸੰਗਰੂਰ, 4 ਜੁਲਾਈ (ਪੋਸਟ ਬਿਊਰੋ)- ਮਾਲੇਰਕੋਟਲਾ ਵਿੱਚ ਕੁਰਾਨ ਸ਼ਰੀਫ ਬੇਅਦਬੀ ਦੇ ਕੇਸ ਦੀ ਸੁਣਵਾਈ ਸਥਾਨਕ ਜੁਡੀਸ਼ਲ ਮੈਜਿਸਟਰੇਟ (ਅੱਵਲ ਦਰਜਾ) ਅਜੈ ਮਿੱਤਲ ਦੀ ਅਦਾਲਤ ਵਿੱਚ ਕੱਲ੍ਹ ਜਦੋਂ ਹੋਈ ਤਾਂ ਚਾਰ ਗਵਾਹਾਂ ਦੇ ਬਿਆਨ ਦਰਜ ਕੀਤੇ ਗਏ। ਇਨ੍ਹਾਂ ਚਸ਼ਮਦੀਦ ਗਵਾਹਾਂ ਨੇ ਅਦਾਲਤ ਵਿੱਚ ਦੋ ਮੁਲਜ਼ਮਾਂ ਦੀ ਸ਼ਨਾਖਤ ਕੀਤੀ, ਪਰ ਕਿਸੇ ਨੇ ਵੀ ਕੇਸ ਵਿੱਚ ਨਾਮਜ਼ਦ ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਯਾਦਵ ਬਾਰੇ ਕੁਝ ਨਹੀਂ ਬੋਲਿਆ। ਇਸ ਕੇਸ ਦੀ ਅਗਲੀ ਸੁਣਵਾਈ ਛੇ ਜੁਲਾਈ ਨੂੰ ਹੋਵੇਗੀ।



ਕੱਲ੍ਹ ਅਦਾਲਤ 'ਚ ਇਸ ਕੇਸ ਦੀ ਸੁਣਵਾਈ ਦੌਰਾਨ ਕੇਸ ਦੇ ਮੁਦਈ ਮੁਹੰਮਦ ਅਸ਼ਰਫ ਚੌਧਰੀ, ਮੁਹੰਮਦ ਸ਼ਫੀਕ ਚੌਹਾਨ, ਜਾਵੇਦ ਅਤੇ ਇੱਕ ਪੁਲਸ ਮੁਲਾਜ਼ਮ ਨੇ ਗਵਾਹ ਵਜੋਂ ਬਿਆਨ ਲਿਖਾਏ। ਮੌਕੇ ਦੇ ਗਵਾਹ ਮੁਹੰਮਦ ਅਸ਼ਰਫ ਚੌਧਰੀ ਅਤੇ ਮੁਹੰਮਦ ਸ਼ਫੀਕ ਚੌਹਾਨ ਨੇ ਮੁੱਖ ਦੋਸ਼ੀ ਵਿਜੇ ਕੁਮਾਰ ਅਤੇ ਗੌਰਵ ਖਜੂਰੀਆ ਦੀ ਅਦਾਲਤ ਵਿੱਚ ਪਛਾਣ ਕਰ ਲਈ। ਸੁਣਵਾਈ ਪਿੱਛੋਂ ਮੀਡੀਆ ਵੱਲੋਂ ਪੁੱਛਣ ਉਤੇ ਮੁਹੰਮਦ ਅਸ਼ਰਫ ਚੌਧਰੀ ਨੇ ਕਿਹਾ ਕਿ ਉਨ੍ਹਾਂ ਨੇ ਨਰੇਸ਼ ਯਾਦਵ ਨੂੰ ਘਟਨਾ ਮੌਕੇ ਨਾ ਵੇਖਿਆ ਸੀ ਤੇ ਨਾ ਉਸ ਦੀ ਸ਼ਨਾਖਤ ਕੀਤੀ ਹੈ। ਵਿਧਾਇਕ ਨਰੇਸ਼ ਯਾਦਵ ਦੇ ਵਕੀਲ ਨਰਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਅਦਾਲਤ ਵਿੱਚ ਕਿਸੇ ਵੀ ਗਵਾਹ ਨੇ ਨਰੇਸ਼ ਯਾਦਵ ਦਾ ਨਾਂਅ ਨਹੀਂ ਲਿਆ ਤੇ ਨਾ ਯਾਦਵ ਦੇ ਖਿਲਾਫ ਕੋਈ ਬਿਆਨ ਦਿੱਤਾ ਹੈ। ਵਰਨਣ ਯੋਗ ਹੈ ਕਿ 24 ਜੂਨ 2018 ਨੂੰ ਮਾਲੇਰਕੋਟਲਾ ਵਿੱਚ ਪਵਿੱਤਰ ਕੁਰਾਨ ਸ਼ਰੀਫ ਦੀ ਬੇਅਦਬੀ ਹੋਣ ਦੀ ਘਟਨਾ ਵਾਪਰਨ ਪਿੱਛੋਂ ਥਾਣਾ ਸਿਟੀ 1 ਮਾਲੇਰਕੋਟਲਾ ਵਿੱਚ ਵਿਜੇ ਕੁਮਾਰ, ਨੰਦ ਕਿਸ਼ੋਰ ਅਤੇ ਗੌਰਵ ਕੁਮਾਰ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਦੀ ਪੁੱਛਗਿੱਛ ਮਗਰੋਂ ਜਾਂਚ ਦੌਰਾਨ ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਯਾਦਵ ਨੂੰ ਵੀ ਕੇਸ ਵਿੱਚ ਨਾਮਜ਼ਦ ਕਰ ਲਿਆ ਸੀ। ਵਿਧਾਇਕ ਨਰੇਸ਼ ਯਾਦਵ ਨੇ ਕਿਹਾ ਕਿ ਉਸ ਦੇ ਖਿਲਾਫ ਕੋਈ ਸਬੂਤ ਨਹੀਂ ਅਤੇ ਨਾ ਘਟਨਾ ਨਾਲ ਉਸ ਦਾ ਸੰਬੰਧ ਹੈ। ਉਸ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨ ਲਈ ਉਸ ਦਾ ਨਾਂਅ ਸਾਜ਼ਿਸ਼ ਤਹਿਤ ਕੇਸ ਵਿੱਚ ਪਾਇਆ ਗਿਆ ਸੀ।

## ਪੰਚਾਇਤੀ ਜ਼ਮੀਨ ਕੇਸ ਵਿੱਚ 15 ਜਣਿਆਂ ਉੱਤੇ ਐੱਸ ਸੀ/ ਐੱਸ ਟੀ ਦਾ ਪਰਚਾ ਦਰਜ



ਅਮਰਗੜ੍ਹ, 4 ਜੁਲਾਈ (ਪੋਸਟ ਬਿਊਰੋ)- ਪਿੰਡ ਤੋਲੇਵਾਲ ਦੀ ਰਿਜ਼ਰਵ ਪੰਚਾਇਤੀ ਜ਼ਮੀਨ ਦਾ ਮਾਮਲਾ ਭਖਣ ਕਾਰਨ ਪੁਲਸ ਨੇ ਪਿੰਡ ਦੇ 15 ਵਿਅਕਤੀਆਂ ਉੱਤੇ ਐੱਸ ਸੀ/ਐੱਸ ਟੀ ਐਕਟ ਅਧੀਨ ਪਰਚਾ ਦਰਜ ਕਰ ਕੇ ਦੋ ਕਾਂਗਰਸ ਆਗੂ ਲਾਲ ਸਿੰਘ ਅਤੇ ਬੱਗਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਇਸ ਬਾਰੇ ਬੀ ਡੀ ਪੀ ਓ ਅਮਨਦੀਪ ਕੌਰ ਨੇ ਪੁਲਸ ਨੂੰ ਲਿਖਿਆ ਸੀ ਕਿ ਪਿੰਡ ਤੋਲੇਵਾਲ ਦੇ ਦਲਿਤ ਵਰਗ ਲਈ ਰਾਖਵੀਂ ਪੰਚਾਇਤੀ ਜ਼ਮੀਨ ਦੀ ਬੋਲੀ ਮੌਕੇ ਸਰਪੰਚ ਰਿੰਪੀ, ਬੇਅੰਤ ਸਿੰਘ, ਜਗਸੀਰ ਸਿੰਘ, ਜਗਤਾਰ ਸਿੰਘ, ਜਸਮੇਲ ਸਿੰਘ, ਹਰਬੰਸ ਸਿੰਘ, ਕਾਲੂ ਸਿੰਘ, ਰਣਜੀਤ ਸਿੰਘ, ਮਾਇਆ ਦੇਵੀ, ਕਿਰਨ ਕੌਰ, ਸੰਦੀਪ ਕੌਰ, ਜੀਤ ਸਿੰਘ, ਭਿੰਦਰ ਕੌਰ, ਚਾਨਣ ਸਿੰਘ ਤੇ ਜਸਪ੍ਰੀਤ ਕੌਰ ਵਾਸੀ ਤੋਲੇਵਾਲ ਨੇ ਬੋਲੀ ਰੋਕਣ ਦੀ ਕੋਸ਼ਿਸ਼ ਕੀਤੀ ਤੇ ਬੋਲੀ ਕਰਵਾ ਰਹੇ ਅਫਸਰਾਂ ਨਾਲ ਝਗੜਾ ਕਰ ਕੇ ਧੱਕੇ ਮਾਰੇ, ਜਿਸ ਕਰ ਕੇ ਲੜਾਈ ਹੋ ਗਈ। ਇਸ ਲੜਾਈ ਵਿੱਚ 17 ਤੋਂ ਵੱਧ ਜ਼ਖਮੀ ਵਿਅਕਤੀਆਂ ਨੂੰ ਸਰਕਾਰੀ ਹਸਪਤਾਲ ਅਮਰਗੜ੍ਹ ਦਾਖਲ ਕਰਾਇਆ ਹੈ। ਪੁਲਸ ਨੇ ਬੀ ਡੀ ਪੀ ਓ ਦੀ ਸ਼ਿਕਾਇਤ ਮਿਲਣ ਉੱਤੇ ਉਕਤ ਲੋਕਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਜ਼ਮੀਨ ਸੰਘਰਸ਼ ਪ੍ਰਾਪਤੀ ਕਮੇਟੀ ਦੇ ਆਗੂਆਂ ਨੇ ਇਸ ਕੇਸ ਬਾਰੇ ਬੀਤੇ ਦਿਨੀਂ ਐੱਸ ਪੀ ਮਾਲੇਰਕੋਟਲਾ ਨਾਲ ਮੁਲਾਕਾਤ ਕੀਤੀ ਸੀ। ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਪੁਲਸ ਨੇ ਜ਼ਖਮੀ ਲੋਕਾਂ ਦੇ ਬਿਆਨ ਵੀ ਨਹੀਂ ਲਏ, ਉਲਟਾ ਉਨ੍ਹਾਂ 'ਤੇ ਪਰਚਾ ਦਰਜ ਕਰ ਦਿੱਤਾ ਹੈ। ਐੱਸ ਪੀ ਮਨਜੀਤ ਬਰਾੜ ਨੇ ਕਿਹਾ ਕਿ ਬੀ ਡੀ ਪੀ ਓ ਦੀ ਸ਼ਿਕਾਇਤ ਉਤੇ 14 ਲੋਕਾਂ ਖਿਲਾਫ ਕੇਸ ਦਰਜ ਹੋਇਆ ਹੈ। ਕੇਸ ਦੀ ਜਾਂਚ ਕੀਤੀ ਜਾ ਰਹੀ ਹੈ, ਕਿਸੇ ਨਾਲ ਧੱਕੇਸ਼ਾਹੀ ਨਹੀਂ ਹੋਵੇਗੀ।

## ਇਨਫੋਰਸਮੈਂਟ ਅਧਿਕਾਰੀ ਨਿਰੰਜਨ ਸਿੰਘ ਦੀ ਸੁਰੱਖਿਆ ਘਟਾਈ




ਜਲੰਧਰ, 4 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਬਹੁ-ਕਰੋੜੀ ਅਤੇ ਬਹੁ-ਚਰਚਿਤ ਡਰੱਗ ਕੇਸ ਦੀ ਜਾਂਚ ਕਰਨ ਵਾਲੇ ਇਨਫੋਰਸਮੈਂਟ ਦੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਦੀ ਸੁਰੱਖਿਆ ਘਟਾ ਦਿੱਤੀ ਗਈ ਹੈ। ਨਿਰੰਜਨ ਸਿੰਘ ਡਰੱਗ ਦੇ ਨਾਲ ਜੁੜੇ ਕੇਸ ਦੀ ਅਹਿਮ ਜਾਂਚ ਕਰ ਰਹੇ ਹਨ, ਜਿਸ ਕਰ ਕੇ ਉਨ੍ਹਾਂ ਅਤੇ ਪਰਵਾਰ ਨੂੰ ਖਤਰਾ ਹੋਣ ਕਰ ਕੇ ਸੁਰੱਖਿਆ ਦਿੱਤੀ ਗਈ ਸੀ। ਸੁਰੱਖਿਆ ਘਟਾਉਣ ਤੋਂ ਬਾਅਦ ਨਿਰੰਜਨ ਸਿੰਘ ਨੇ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੂੰ ਚਿੱਠੀ ਲਿਖ ਕੇ ਇਸ ਮਾਮਲੇ ਵਿੱਚ ਆਪਣੀ ਜਾਨ ਦਾ ਖਤਰਾ ਪ੍ਰਗਟਾਇਆ ਹੈ।

ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਡਰੱਗ ਕੇਸ ਦੀ ਜਾਂਚ ਕਰ ਰਹੇ ਨਿਰੰਜਨ ਸਿੰਘ ਅਤੇ ਪਰਵਾਰ ਦੇ ਮੈਂਬਰਾਂ ਦੀ ਸੁਰੱਖਿਆ ਲਈ ਪੰਜਾਬ ਪੁਲਸ ਦੇ ਪੰਜ ਜਵਾਨ ਤੈਨਾਤ ਕੀਤੇ ਸਨ। ਕੁਝ ਦਿਨ ਪਹਿਲਾਂ ਤਿੰਨ ਜਵਾਨਾਂ ਨੂੰ ਵਾਪਸ ਸੱਦ ਲਿਆ ਗਿਆ ਅਤੇ ਦੋ ਜਵਾਨ ਹੀ ਨਿਰੰਜਨ ਸਿੰਘ ਤੇ ਉਨ੍ਹਾਂ ਦੇ ਪਰਵਾਰ ਦੀ ਸੁਰੱਖਿਆ ਲਈ ਰਹਿ ਗਏ ਹਨ। ਸੂਤਰਾਂ ਦੇ ਮੁਤਾਬਕ ਜੂਨ ਮਹੀਨੇ ਵਿੱਚ ਨਿਰੰਜਨ ਸਿੰਘ ਨਾਲ ਕਿਸੇ ਵੇਲੇ ਇੱਕ ਵੀ ਪੁਲਸ ਜਵਾਨ ਨਹੀਂ ਸੀ। ਦੱਸਿਆ ਗਿਆ ਹੈ ਕਿ ਨਿਰੰਜਨ ਸਿੰਘ ਨੇ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੂੰ ਲਿਖੀ ਚਿੱਠੀ ਵਿੱਚ ਇਸ ਦਾ ਜ਼ਿਕਰ ਕੀਤਾ ਹੈ ਕਿ ਜਿਸ ਰੈਕੇਟ ਦੀ ਉਹ ਜਾਂਚ ਕਰ ਰਹੇ ਹਨ, ਉਸ ਵਿੱਚ ਕਈ ਅਪਰਾਧੀ ਪਿਛੋਕੜ ਵਾਲੇ ਲੋਕ ਹਨ ਅਤੇ ਦੋ ਕੇਸਾਂ ਵਿੱਚ ਉਨ੍ਹਾਂ ਦੀ ਗਵਾਹੀ ਚੱਲ ਰਹੀ ਹੈ। ਇਸ ਕਰ ਕੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ।

ਸਾਲ 2014 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਪਿਛਲੀ ਸਰਕਾਰ ਨੇ ਨਿਰੰਜਨ ਸਿੰਘ ਦੀ ਸੁਰੱਖਿਆ ਲਈ ਦੋ ਜਵਾਨ ਲਾਏ ਸਨ। ਬਾਅਦ ਵਿੱਚ ਨਿਰੰਜਨ ਸਿੰਘ ਦੀ ਸੁਰੱਖਿਆ ਲਈ ਤਿੰਨ ਜਵਾਨ ਹੋਰ ਲਾਏ ਗਏ ਸਨ। ਅਪ੍ਰੈਲ ਵਿੱਚ ਪੁਲਸ ਨੇ ਦੋ ਜਵਾਨ ਵਾਪਸ ਸੱਦ ਲਏ। ਮਈ ਵਿੱਚ ਸਾਰੇ ਜਵਾਨ ਨਿਰੰਜਨ ਸਿੰਘ ਦੀ ਸੁਰੱਖਿਆ ਵਿੱਚੋਂ ਵਾਪਸ ਲੈ ਲਏ ਸਨ। 21 ਮਈ ਨੂੰ ਫਿਰ ਦੋ ਜਵਾਨ ਭੇਜੇ ਗਏ। ਦਸ ਦਿਨ ਪਿੱਛੋਂ ਇੱਕ ਹੋਰ ਸੁਰੱਖਿਆ ਕਰਮੀ ਨੂੰ ਤੈਨਾਤ ਕੀਤਾ ਗਿਆ, ਜਿਸ ਨੂੰ ਚਾਰ ਦਿਨ ਬਾਅਦ ਵਾਪਸ ਸੱਦ ਲਿਆ ਗਿਆ।

## ਬਣਦੇ ਪਏ ਮਕਾਨ ਦੀ ਕੰਧ ਡਿੱਗੀ, ਪੰਜ ਮਜ਼ਦੂਰ ਦੱਬੇ ਗਏ, ਦੋਂਵਾਂ ਦੀ ਮੌਤ



ਪਠਾਨਕੋਟ, 4 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਮੁਹੱਲਾ ਵਿਸ਼ਣੂ ਨਗਰ ਲਾਮੀਨੀ ਵਿਖੇ ਕੱਲ੍ਹ ਹੋਏ ਵੱਡੇ ਹਾਦਸੇ ਵਿੱਚ ਇੱਕ ਬਣ ਰਹੇ ਮਕਾਨ ਦੀ ਕੰਧ ਡਿੱਗਣ ਨਾਲ ਉਥੇ ਕੰਮ ਕਰਦੇ ਪੰਜ ਮਜ਼ਦੂਰ ਮਲਬੇ ਹੇਠ ਦੱਬੇ ਗਏ ਤਾਂ ਇਸ ਨਾਲ ਇੱਕ ਜਣੇ ਦੀ ਮੌਕੇ 'ਤੇ ਮੌਤ ਹੋ ਗਈ ਸੀ ਅਤੇ ਦੂਸਰੇ ਨੇ ਬਾਅਦ 'ਚ ਸਿਵਲ ਹਸਪਤਾਲ ਵਿੱਚ ਇਲਾਜ ਦੌਰਾਨ ਦਮ ਤੋੜ ਦਿੱਤਾ। ਇਸ ਹਾਦਸੇ ਵਿੱਚ ਮ੍ਰਿਤਕ ਮਜ਼ਦੂਰਾਂ ਦੇ ਤਿੰਨ ਜ਼ਖਮੀ ਹੋਏ ਸਾਥੀਆਂ ਨੂੰ ਸਿਵਲ ਹਸਪਤਾਲ ਵਿੱਚ ਲਿਜਾਇਆ ਤਾਂ ਉਨ੍ਹਾਂ ਦੀ ਹਾਲਤ ਗੰਭੀਰ ਹੋਣ ਕਾਰਨ ਹਸਪਤਾਲ ਵਾਲਿਆਂ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ।

ਅੱਖੀਂ ਵੇਖਣ ਵਾਲਿਆਂ ਮੁਤਾਬਕ ਹਾਦਸਾ ਇੰਨਾ ਦਰਦਨਾਕ ਸੀ ਕਿ ਜਦੋਂ ਉਸਾਰੇ ਜਾ ਰਹੇ ਮਕਾਨ ਦੀ ਕੰਧ ਡਿੱਗੀ ਤਾਂ ਮਲਬੇ ਦੇ ਥੱਲੇ ਦੱਬੇ ਗਏ ਮਜ਼ਦੂਰਾਂ ਨੂੰ ਬਾਹਰ ਕੱਢਣ ਲਈ ਆਸੇ ਪਾਸੇ ਕੋਈ ਨਹੀਂ ਸੀ। ਗੁਆਂਢ ਦੀ ਇੱਕ ਔਰਤ ਨੇ ਰੌਲਾ ਪਾ ਕੇ ਲੋਕਾਂ ਨੂੰ ਸੱਦਿਆ ਤਾਂ ਉਥੇ ਲੋਕਾਂ ਨੇ ਮਜ਼ਦੂਰਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਸ਼ੁਰੂ ਕੀਤੀ। ਜਦੋਂ ਤੱਕ ਉਨ੍ਹਾਂ ਨੂੰ ਬਾਹਰ ਕੱਢਿਆ ਜਾਂਦਾ, ਉਨ੍ਹਾਂ 'ਚੋਂ ਇੱਕ ਪਰਵਾਸੀ ਮਜ਼ਦੂਰ ਪ੍ਰੇਮ ਕੁਮਾਰ ਵਾਸੀ ਦਰਭੰਗਾ ਜ਼ਿਲ੍ਹਾ ਜੰਗੀਚਾਪਾ (ਛੱਤੀਸਗੜ੍ਹ) ਦਮ ਤੋੜ ਚੁੱਕਾ ਸੀ। ਦੂਸਰੇ ਦੀ ਪਛਾਣ ਤਿਲਕ ਰਾਜ ਉਰਫ ਪਿੱਲੀ ਪੁੱਤਰ ਬੰਤ ਰਾਮ ਵਾਸੀ ਵਿਸ਼ਣੂ ਨਗਰ ਲਾਮੀਨੀ (ਪਠਾਨਕੋਟ) ਵਜੋਂ ਹੋਈ। ਜ਼ਖਮੀਆਂ ਦੀ ਪਛਾਣ ਪਵਨ ਕੁਮਾਰ, ਰਮੇਸ਼ ਦੋਵੇਂ ਮਿਸਤਰੀ ਵਾਸੀ ਵਿਸ਼ਣੂ ਨਗਰ ਲਾਮੀਨੀ (ਪਠਾਨਕੋਟ) ਅਤੇ ਕੁਲਦੀਪ ਕੁਮਾਰ ਵਾਸੀ ਗੁਰਦਾਸਪੁਰ ਵਜੋਂ ਹੋਈ। ਇਮਾਰਤ ਦੇ ਮਾਲਕ ਦੇਸ ਰਾਜ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਏਅਰਫੋਰਸ ਵਿੱਚ ਸੀ, ਜੋ ਬਿਲਡਿੰਗ ਦੀ ਉਸਾਰੀ ਕਰਵਾ ਰਿਹਾ ਹੈ। ਆਮ ਵਾਂਗ ਉਸਾਰੀ ਚੱਲ ਰਹੀ ਸੀ ਕਿ ਅਚਾਨਕ ਇੱਕ ਕੰਧ ਉਸੇ ਸਾਈਡ 'ਤੇ ਜਾ ਡਿੱਗੀ ਜਿਸ ਪਾਸੇ ਮਿਸਤਰੀ ਅਤੇ ਮਜ਼ਦੂਰ ਲੱਗੇ ਹੋਏ ਸਨ।

## ਜਸਟਿਸ ਸੋਢੀ ਨੇ 70 ਸਾਲ ਪਹਿਲਾਂ ਦਾਨ ਕੀਤੀ ਜ਼ਮੀਨ ਵਾਪਸ ਮੰਗ ਲਈ

ਗੁਰੂ ਹਰਸਹਾਏ, 4 ਜੁਲਾਈ (ਪੋਸਟ ਬਿਊਰੋ)- ਸਥਾਨਕ ਨਗਰ ਕੌਂਸਲ ਦੇ ਕਈ ਸਾਲ ਪ੍ਰਧਾਨ ਰਹੇ ਗੁਰਕਰਮ ਸਿੰਘ ਸੋਢੀ ਨੇ ਸੱਤਰ ਵਰ੍ਹੇ ਪਹਿਲਾਂ ਸਰਕਾਰ ਨੂੰ ਦਾਨ ਕੀਤੀ ਜ਼ਮੀਨ ਵਾਪਸ ਮੰਗੀ ਹੈ। ਇਸ ਦੇ ਦਾਅਵੇਦਾਰਾਂ ਵਿੱਚੋਂ ਸੇਵਾ ਮੁਕਤ ਬ੍ਰਿਗੇਡੀਅਰ ਐੱਚ ਐੱਸ ਸੋਢੀ ਦਾ ਦਿਹਾਂਤ ਹੋ ਚੁੱਕਾ ਹੈ। ਪਿਤਾ ਸਵਰਗੀ ਕਰਮ ਸਿੰਘ ਸੋਢੀ ਦੇ ਜਿਊਂਦੇ ਜੀਅ ਇਸ ਉੱਤੇ ਸਰਕਾਰ ਨੇ ਕਰੋੜਾਂ ਰੁਪਏ ਖਰਚ ਕਰ ਕੇ ਸਿਵਲ ਹਸਪਤਾਲ, ਥਾਣਾ, ਹਾਈ ਸਕੂਲ, ਪੰਚਾਇਤ ਸੰਮਤੀ ਦਫਤਰ ਵਗੈਰਾ ਇਮਾਰਤਾਂ ਬਣਵਾਈਆਂ ਸਨ। ਇਹ ਮਾਮਲਾ ਹਾਈ ਕੋਰਟ ਦੇ ਵਿਚਾਰ ਅਧੀਨ ਹੈ।

ਦਾਅਵਾ ਕਰਨ ਵਾਲੇ ਜਸਟਿਸ ਸੋਢੀ ਨੇ ਨੋਟਿਸ ਵਿੱਚ ਕਿਹਾ ਹੈ ਕਿ ਇਹ 300 ਏਕੜ ਜ਼ਮੀਨ ਉਨ੍ਹਾਂ ਦੇ ਪਿਤਾ ਨੇ ਦਾਨ ਕੀਤੀ ਸੀ, ਇਸ ਲਈ ਇਹ ਮੋੜ ਦਿੱਤੀ ਜਾਵੇ। ਫਿਰੋਜ਼ਪੁਰ ਛਾਉਣੀ ਦੇ ਵਾਸੀ ਡੇਵਿਡ ਜੈਨ ਨੇ ਦੋਸ਼ ਲਾਇਆ ਹੈ ਕਿ ਜ਼ਮੀਨ ਦੇ ਵਾਰਸ ਅੱਜ ਕੱਲ੍ਹ ਦੇ ਸਰਕਾਰੀ ਅਫਸਰਾਂ ਨਾਲ ਮਿਲੀਭੁਗਤ ਕਰ ਕੇ ਜ਼ਮੀਨ ਦਾ ਕੁਝ ਹਿੱਸਾ ਵਾਪਸ ਲੈਣ ਦਾ ਯਤਨ ਕਰ ਰਹੇ ਹਨ। ਇਸ ਬਾਰਾ ਸਮਝੌਤਾ ਵੀ ਹੋਇਆ ਹੈ, ਜਦ ਕਿ ਕਾਨੂੰਨਨ ਦਾਨ ਕੀਤੀ ਜ਼ਮੀਨ ਵਾਪਸ ਨਹੀਂ ਲਈ ਜਾ ਸਕਦੀ। ਡੇਵਿਡ ਜੈਨ ਨੇ ਦੱਸਿਆ ਕਿ ਸਾਲ 2017 ਵਿੱਚ ਉਨ੍ਹਾਂ ਇਸ ਦੀ ਸ਼ਿਕਾਇਤ ਮੁੱਖ ਸਕੱਤਰ ਪੰਜਾਬ ਨੂੰ ਕੀਤੀ ਸੀ। ਇਸ ਦੀ ਜਾਂਚ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਕੋਲ ਪੈਂਡਿੰਗ ਹੈ। ਇਸ ਦੇ ਬਾਵਜੂਦ ਅਫਸਰਾਂ ਦਾ ਸਮਝੌਤਾ ਕਰਨਾ ਮਿਲੀਭੁਗਤ ਵੱਲ ਇਸ਼ਾਰਾ ਕਰਦਾ ਹੈ। ਜੈਨ ਨੇ ਦਸਤਾਵੇਜ਼ ਪੇਸ਼ ਕਰ ਕੇ ਕਿਹਾ ਕਿ ਸਿਵਲ ਹਸਪਤਾਲ ਗੁਰੂ ਹਰਿਸਹਾਏ ਦੇ ਐੱਸ ਐੱਮ ਓ ਇਸ ਸਮਝੌਤੇ ਤਹਿਤ ਕੁਝ ਜ਼ਮੀਨ ਵਾਪਸ ਦੇਣ ਲਈ ਸਹਿਮਤ ਹਨ। ਥਾਣੇ ਦੀ ਮੁੱਖ ਦੀਵਾਰ ਨਾਲ ਲੱਗਦੀ ਖਾਲੀ ਜ਼ਮੀਨ ਮੋੜਨ ਦੀ ਕੋਸ਼ਿਸ਼ ਵੀ ਜਾਰੀ ਹੈ। ਵਾਰਸਾਂ ਨੇ ਹੇਠਲੀ ਅਦਾਲਤ ਵਿੱਚ ਵੀ ਦਾਅਵਾ ਕੀਤਾ ਸੀ, ਜਿਸ ਦਾ ਕੇਸ ਉਹ ਜਿੱਤ ਗਏ ਸਨ, ਪਰ ਸਿਹਤ ਵਿਭਾਗ ਨੇ ਹਾਈ ਕੋਰਟ ਵਿੱਚ ਪਟੀਸ਼ਨ ਕਰ ਦਿੱਤੀ। ਇਸ 'ਤੇ ਸੁਣਵਾਈ ਪੈਂਡਿੰਗ ਹੈ। ਗੁਰਕਰਮ ਸਿੰਘ ਸੋਢੀ ਨੇ ਇਹ ਜ਼ਮੀਨ 1950 ਤੋਂ 1965 ਦੇ ਵਿਚਾਲੇ ਦਾਨ ਕੀਤੀ ਸੀ। ਸਿਵਲ ਹਸਪਤਾਲ ਦੇ ਐੱਸ ਐੱਮ ਓ ਡਾਕਟਰ ਹੁਸਨ ਲਾਲ ਨੇ ਦੱਸਿਆ ਕਿ ਸਿਹਤ ਵਿਭਾਗ ਕੋਲ ਦਾਨ ਵਿੱਚ ਮਿਲੀ ਜ਼ਮੀਨ ਦਾ ਲਿਖਤੀ ਰਿਕਾਰਡ ਨਹੀਂ ਹੈ। ਇਸ ਹਸਪਤਾਲ ਤੋਂ ਫਰੀਦਕੋਟੇ ਰੋਡ ਤੱਕ ਮੁੱਖ ਦੀਵਾਰ ਨਾਲ ਦੀ 100 ਫੁੱਟ ਫਰੰਟ ਅਤੇ ਚਾਲੀ ਫੁੱਟ ਲੰਬਾਈ ਦੀ ਜਗ੍ਹਾ ਦੇਣ ਦਾ ਸਮਝੌਤਾ ਹੋਇਆ ਹੈ। ਥਾਣਾ ਗੁਰੂ ਹਰਿਸਹਾਏ ਦੇ ਮੁਖੀ ਜਸਵਿੰਦਰ ਸਿੰਘ ਮੁਤਾਬਕ ਪੁਲਸ ਕੋਲ ਦਾਨ ਦੀ ਜ਼ਮੀਨ ਦਾ ਲਿਖਤੀ ਰਿਕਾਰਡ ਨਹੀਂ ਹੈ। ਇਸ ਲਈ ਵਿਭਾਗ ਨੇ ਵਾਰਸਾਂ ਨਾਲ ਸਮਝੌਤਾ ਕੀਤਾ ਹੈ।



## ਕਿਰਨ ਬੇਦੀ ਦੀ ਪਾਰਲੀਮੈਂਟ ਮੈਂਬਰਾਂ ਬਾਰੇ ਵਿਵਾਦਤ ਟਿੱਪਣੀ ਤੋਂ ਲੋਕ ਸਭਾ ਵਿੱਚ ਹੰਗਾਮਾ

ਨਵੀਂ ਦਿੱਲੀ, 4 ਜੁਲਾਈ (ਪੋਸਟ ਬਿਊਰੋ)- ਪੁਡੂਚੇਰੀ ਦੀ ਗਵਰਨਰ ਕਿਰਨ ਬੇਦੀ ਵੱਲੋਂ ਪਾਰਲੀਮੈਂਟ ਮੈਂਬਰਾਂ, ਵਿਸ਼ੇਸ਼ ਤੌਰ ਉੱਤੇ ਤਾਮਿਲ ਨਾਡੂ ਬਾਰੇ ਕੀਤੀ ਵਿਵਾਦਤ ਟਿੱਪਣੀ ਕਾਰਨ ਕੱਲ੍ਹ ਪਾਰਲੀਮੈਂਟ ਦੇ ਹੇਠਲੇ ਸਦਨ ਵਿੱਚ ਖ਼ੂਬ ਹੰਗਾਮਾ ਹੋਇਆ। ਡੀ ਐੱਮ ਕੇ ਅਤੇ ਕਾਂਗਰਸ ਦੇ ਪਾਰਲੀਮੈਂਟ ਮੈਂਬਰਾਂ ਨੇ ਸਦਨ ਦੇ ਵਿਚਾਲੇ ਜਾ ਕੇ ਨਾਅਰੇਬਾਜ਼ੀ ਕਰਨ ਦੇ ਨਾਲ ਹੀ ਸਰਕਾਰ ਤੋਂ ਕਿਰਨ ਬੇਦੀ ਨੂੰ ਲੈਫਟੀਨੈਂਟ ਗਵਰਨਰ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ, ਜਿਸ ਉੱਤੇ ਸਦਨ ਵਿੱਚ ਮੌਜੂਦ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਇਹ ਮੁੱਦਾ ਸਦਨ ਦੇ ਨੇਮਾ ਤਹਿਤ ਉਠਾਉਣ ਨੂੰ ਕਿਹਾ।



ਅਸਲ ਵਿੱਚ ਤਿੰਨ ਦਿਨ ਪਹਿਲਾਂ ਕਿਰਨ ਬੇਦੀ ਵੱਲੋਂ ਟਵਿੱਟਰ ਉੱਤੇ ਪਾਏ ਸੰਦੇਸ਼ ਵਿੱਚ ਉਨ੍ਹਾਂ ਚੇਨਈ ਵਿੱਚ ਪਾਣੀ ਦੀ ਕਿੱਲਤ ਲਈ ਭ੍ਰਿਸ਼ਟ ਸਿਆਸਦਾਨਾਂ ਅਤੇ ਖਰਾਬ ਸ਼ਾਸਨ, ਉਦਾਸੀਨ ਅਫਸਰਸ਼ਾਹੀ ਅਤੇ ਸਵਾਰਥੀ ਤੇ ਕਮਜ਼ੋਰ ਲੋਕਾਂ ਨੂੰ ਜ਼ਿੰਮੇਵਾਰ ਕਿਹਾ ਸੀ। ਡੀ ਐੱਮ ਕੇ ਪਾਰਟੀ ਦੇ ਆਗੂ ਟੀ ਆਰ ਬਾਲੂ ਨੇ ਕੱਲ੍ਹ ਜ਼ੀਰੋ ਆਵਰਦੌਰਾਨ ਮੁੱਦਾ ਉਠਾਉਂਦਿਆਂ ਉਕਤ ਟਿੱਪਣੀ ਦਾ ਜ਼ਿਕਰ ਕਰ ਕੇ ਕੇਂਦਰ ਤੋਂ ਇਸ ਦਾ ਜਵਾਬ ਮੰਗਿਆ। ਸਪੀਕਰ ਓਮ ਬਿਰਲਾ ਨੇ ਨੇਮਾਂ ਦਾ ਹਵਾਲਾ ਦੇ ਕੇ ਕਿਹਾ ਕਿ ਕਿਸੇ ਸੰਵਿਧਾਨਕ ਅਹੁਦੇ ਉਤੇ ਬੈਠੇ ਹੋਏ ਵਿਅਕਤੀ ਬਾਰੇ ਟਿੱਪਣੀ ਨਹੀਂ ਕੀਤੀ ਜਾ ਸਕਦੀ। ਇਸ ਜਵਾਬ ਤੋਂ ਅਸੰਤੁਸ਼ਟ ਡੀ ਐੱਮ ਕੇ ਪਾਰਲੀਮੈਂਟ ਮੈਂਬਰ ਸਦਨ ਦੇ ਵਿਚਾਲੇ ਆ ਕੇ ਨਿਆਂ ਦੀ ਮੰਗ ਕਰਦਿਆਂ ਨਾਅਰੇਬਾਜ਼ੀ ਕਰਨ ਲੱਗੇ। ਕਾਂਗਰਸ ਨੇ 17ਵੀਂ ਲੋਕ ਸਭਾ ਵਿੱਚ ਪਹਿਲੀ ਵਾਰ ਸਦਨ ਦੇ ਅੰਦਰ ਹੋਰਨਾਂ ਵਿਰੋਧੀ ਧਿਰਾਂ ਪ੍ਰਤੀ ਕੁਝ ਰਣਨੀਤੀ ਸਪੱਸ਼ਟ ਕਰਦਿਆਂ ਡੀ ਐੱਮ ਕੇ ਦਾ ਸਾਥ ਦੇਣ ਦਾ ਫੈਸਲਾ ਕੀਤਾ ਤਾਂ ਸਦਨ ਦੇ ਵਿਚਾਲੇ ਖੜ੍ਹੇ ਡੀ ਐੱਮ ਕੇ ਤੇ ਕਾਂਗਰਸੀ ਆਗੂਆਂ ਦੀ ਨਾਅਰੇਬਾਜ਼ੀ ਤੋਂ ਬਾਅਦ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਰਲੀਮੈਂਟਰੀ ਨੇਮਾਂ ਦੇ ਹਵਾਲੇ ਨਾਲ ਮਾਮਲਾ ਉਠਾਉਣ ਵਾਸਤੇ ਇਸ ਮੁੱਦੇ 'ਤੇ ਪਹਿਲਾਂ ਸੁਤੰਤਰ ਨੋਟਿਸ ਸਪੀਕਰ ਨੂੰ ਦੇਣ ਨੂੰ ਕਿਹਾ। ਰਾਜਨਾਥ ਸਿੰਘ ਇਸ ਹੰਗਾਮੇ ਦੀ ਸ਼ੁਰੂਆਤ 'ਤੇ ਹੀ ਸਦਨ ਵਿੱਚ ਆਏ ਸੀ ਅਤੇ ਮਾਮਲੇ ਦੇ ਨੇਮਾਂ ਦੇ ਹਵਾਲੇ ਨਾਲ ਸ਼ਾਂਤ ਕਰ ਕੇ ਮੁੜ ਸਦਨ 'ਚੋਂ ਚਲੇ ਗਏ।

## ਕਾਂਗਰਸ ਵਿਧਾਇਕ ਨਿਤੇਸ਼ ਰਾਣੇ ਨੇ ਇੰਜੀਨੀਅਰ ਉੱਤੇ ਚਿੱਕੜ ਪਾ ਦਿੱਤਾ

ਮੁੰਬਈ, 4 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਨਾਰਾਇਣ ਰਾਣੇ ਦੇ ਵਿਧਾਇਕ ਬੇਟੇ ਨੇ ਇੰਜੀਨੀਅਰ ਨਾਲ ਬਦਸਲੂਕੀ ਕੀਤੀ ਅਤੇ ਇੱਕ ਇੰਜੀਨੀਅਰ ਉੱਤੇ ਚਿੱਕੜ ਅਟੈਕ ਕੀਤਾ ਹੈ।



ਪਤਾ ਲੱਗਾ ਹੈ ਕਿ ਕਾਂਗਰਸ ਵਿਧਾਇਕ ਰਿਤੇਸ਼ ਰਾਣੇ ਕਿਸੇ ਥਾਂ ਉਸਾਰੀ ਦੇ ਕੰਮ ਦਾ ਜਾਇਜ਼ਾ ਲੈਣ ਪਹੁੰਚੇ ਤਾਂ ਉਸ ਦੌਰਾਨ ਉਨ੍ਹਾਂ ਨੇ ਗੁੱਸੇ ਵਿੱਚ ਆਣ ਕੇ ਇੰਜੀਨੀਅਰ ਉੱਤੇ ਚਿੱਕੜ ਸੁੱਟ ਦਿੱਤਾ। ਇਸ ਘਟਨਾ ਦਾ ਇੱਕ ਵੀਡੀਓ ਵੀ ਚਰਚਾ ਵਿੱਚ ਆਇਆ ਹੈ, ਜਿਸ ਵਿੱਚ ਕਾਂ-ਗਰਸ ਵਿਧਾਇਕ ਨਿਤੇਸ਼ ਰਾਣੇ ਤੇ ਉਨ੍ਹਾਂ ਦੇ ਸਮਰਥਕ ਮਿਲ ਕੇ ਇੰਜੀਨੀਅਰ ਪ੍ਰਕਾਸ਼ ਸ਼ੇਡੇਕਰ ਉੱਤੇ ਚਿੱਕੜ ਸੁੱਟ ਰਹੇ ਹਨ। ਦੱਸਿਆ ਗਿਆ ਹੈ ਕਿ ਰਣੇ ਕਾਂਕਾਵਲੀ ਵਿੱਚ ਮੁੰਬਈ-ਗੋਆ ਸਟੇਟ ਹਾਈਵੇ ਕੋਲ ਇਕ ਪੁੱਲ ਉੱਤੇ ਟੋਇਆਂ ਨਾਲ ਭਰੇ ਹਾਈਵੇ ਦਾ ਨਿਰੀਖਣ ਕਰ ਰਹੇ ਸਨ ਤਾਂ ਵਿਧਾਇਕ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਟੋਲੀ ਆਣ ਪਹੁੰਚੀ। ਇਸ ਤੋਂ ਬਾਅਦ ਰਾਣੇ ਦੇ ਸਮਰਥਕਾਂ ਨੇ ਇੰਜੀਨੀਅਰ ਨੂੰ ਨਦੀ ਉੱਤੇ ਬਣੇ ਪੁਲ ਨਾਲ ਬੰਨ੍ਹ ਦਿੱਤਾ ਤੇ ਬਦਸਲੂਕੀ ਸ਼ੁਰੂ ਕਰ ਦਿੱਤੀ। ਨਿਤੇਸ਼ ਰਾਣੇ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਕਾਂਕਾਵਲੀ ਹਲਕੇ ਤੋਂ ਵਿਧਾਇਕ ਹਨ ਅਤੇ ਉਨ੍ਹਾਂ ਦੇ ਪਿਤਾ ਨਾਰਾਇਣ ਰਾਣੇ ਇਸ ਰਾਜ ਵਿੱਚ ਮੁੱਖ ਮੰਤਰੀ ਰਹਿ ਚੁੱਕੇ ਹਨ। ਸਾਲ 2014 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਰਿਤੇਸ਼ ਰਾਣੇ 25 ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿੱਤੇ ਸਨ। ਉਹ ਸਵਾਭਿਮਾਨ ਸੰਗਠਨ ਨਾਂ ਦੇ ਇਕ ਗੈਰ-ਸਰਕਾਰੀ ਸੰਗਠਨ ਨੂੰ ਚਲਾਉਣ ਵਾਲਿਆਂ ਵਿੱਚ ਸ਼ਾਮਲ ਹਨ। ਉਂਜ ਉਨ੍ਹਾਂ ਨੇ ਬ੍ਰਿਟੇਨ ਤੋਂ ਪੜ੍ਹਾਈ ਕੀਤੀ ਹੈ। ਭਾਰਤ ਆਉਣ ਪਿੱਛੋਂ ਉਨ੍ਹਾਂ ਨੇ ਰਾਜਨੀਤੀ ਸ਼ੁਰੂ ਕੀਤੀ ਸੀ। ਉਸ ਦੇ ਪਿਤਾ ਨਾਰਾਇਣ ਰਾਣੇ ਮਹਾਰਾਸ਼ਟਰ ਵਿੱਚ 1999 ਵਿੱਚ ਮੁੱਖ ਮੰਤਰੀ ਬਣੇ ਸਨ। ਉਨ੍ਹਾਂ ਨੂੰ ਸ਼ਿਵ ਸੈਨਾ ਦੇ ਮੋਢੀ ਬਾਲ ਠਾਕਰੇ ਦਾ ਨੇੜੂ ਮੰਨਿਆ ਜਾਂਦਾ ਸੀ, ਪਰ ਸਾਲ 2005 ਵਿੱਚ ਝਗੜੇ ਤੋਂ ਬਾਅਦ ਨਾਰਾਇਣ ਰਾਣੇ ਨੇ ਸ਼ਿਵ ਸੈਨਾ ਛੱਡ ਦਿੱਤੀ ਅਤੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।

## ਕਰੋੜਾਂ ਦੀ ਜ਼ਮੀਨ ਦੀ ਮਾਲਕਣ ਘਰ ਦੇ ਖਰਚ ਲਈ ਮੋਹਤਾਜ



ਜੈਪੁਰ, 4 ਜੁਲਾਈ (ਪੋਸਟ ਬਿਊਰੋ)- ਰਾਜਸਥਾਨ ਵਿੱਚ 100 ਕਰੋੜ ਰੁਪਏ ਦੀ ਜ਼ਮੀਨ ਦੀ ਮਾਲਕਣ ਵਿਧਵਾ ਮਹਿਲਾ ਸੰਜੂ ਦੇਵੀ ਦੁੱਧ ਵੇਚ ਕੇ ਘਰ ਖਰਚ ਚਲਾ ਰਹੀ ਹੈ। ਬੱਚਿਆਂ ਨੂੰ ਪੜ੍ਹਾਉਣ ਲਈ ਉਸ ਨੂੰ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਹੈ। ਉਸ ਦੇ ਨਾਂਅ ਮੁੰਬਈ ਦੇ ਇੱਕ ਨਾਮੀ ਬਿਲਡਰ ਨੇ ਪ੍ਰਾਪਰਟੀ ਖਰੀਦੀ ਹੈ, ਪਰ ਉਸ ਨੂੰ ਪਤਾ ਨਹੀਂ ਸੀ।

ਅਸਲ ਵਿੱਚ ਇਨਕਮ ਟੈਕਸ ਵਿਭਾਗ ਦੇ ਨੋਟਿਸ ਅਤੇ ਜ਼ਮੀਨ ਅਟੈਚ ਕਰਨ ਉਤੇ ਸੰਜੂ ਦੇਵੀ ਨੂੰ ਇਸ ਗੱਲ ਦੀ ਜਾਣਕਾਰੀ ਮਿਲੀ ਹੈ। ਪਤਾ ਲੱਗਾ ਹੈ ਕਿ ਮੁੰਬਈ ਦੇ ਇੱਕ ਨਾਮੀ ਬਿਲਡਰ ਦੀ ਕਰੋੜਾਂ ਰੁਪਏ ਦੀ ਬੇਨਾਮੀ ਜਾਇਦਾਦ ਜਦੋਂ ਇਨਕਮ ਟੈਕਸ ਵਿਭਾਗ ਨੂੰ ਪਤਾ ਲੱਗ ਤਾਂ ਇਸ ਦੀ ਜਾਂਚ ਵਿੱਚ ਸਾਹਮਣੇ ਆਇਆ ਕਿ 64 ਜਾਇਦਾਦਾਂ ਸੀਕਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਦੀਪਾਵਾਸ ਦੀ ਵਸਨੀਕ ਸੰਜੂ ਦੇਵੀ ਦੇ ਨਾਂਅ ਖਰੀਦੀਆਂ ਗਈਆਂ ਸਨ। ਬਿਲਡਰ ਦੀ ਕੰਪਨੀ ਨੇ ਆਪਣੇ ਫਾਇਦੇ ਲਈ ਅਨਪੜ੍ਹ ਸੰਜੂ ਤੋਂ ਅੰਗੂਠਾ ਲਗਵਾ ਕੇ ਉਸ ਦੇ ਨਾਂਅ ਇਹ ਜਾਇਦਾਦ ਖਰੀਦੀ ਸੀ। ਇਨਕਮ ਟੈਕਸ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਮੁੰਬਈ ਵਿੱਚ ਇਕ ਟੀਮ ਪੁੱਛਗਿੱਛ ਕਰੇਗੀ। ਸੰਜੂ ਦੇਵੀ ਦਾ ਪਤੀ ਨਾਰੂਰਾਮ ਮੁੰਬਈ ਦੀ ਜਿਸ ਕੰਪਨੀ ਦਾ ਚਪੜਾਸੀ ਸੀ, ਉਸ ਦੇ ਮਾਲਕ ਉਸ ਨੂੰ ਦੋ-ਤਿੰਨ ਸਾਲ ਪਹਿਲਾਂ ਤੱਕ ਪੰਜ ਹਜ਼ਾਰ ਰੁਪਏ ਮਾਸਿਕ ਘਰ ਖਰਚ ਲਈ ਡਾਕ ਰਾਹੀਂ ਭੇਜਦੇ ਸਨ, ਪਰ ਇਹ ਪੈਸਾ ਵੀ ਪਿਛਲੇ ਤਿੰਨ ਸਾਲ ਤੋਂ ਬੰਦ ਕਰ ਦਿੱਤਾ ਗਿਆ ਹੈ।

## ਮਸੇਰੀਆਂ ਭੈਣਾਂ ਨੇ ਆਪੋ ਵਿੱਚ ਵਿਆਹ ਕਰ ਲਿਆ



ਵਾਰਾਣਸੀ, 4 ਜੁਲਾਈ (ਪੋਸਟ ਬਿਊਰੋ)- ਯੂ ਪੀ ਦੇ ਵਾਰਣਸੀ ਵਿੱਚ ਬੀਤੇ ਮੰਗਲਵਾਰ ਦੋ ਭੈਣਾਂ ਨੇ ਆਪਸ ਵਿੱਚ ਵਿਆਹ ਕਰ ਲਿਆ। ਦੱਸਿਆ ਜਾਂਦਾ ਹੈ ਕਿ ਇਥੇ ਰੋਹਣੀ ਇਲਾਕੇ ਦੇ ਧਾਗੜਬੀਰ ਹਨੂਮਾਨ ਮੰਦਰ ਵਿੱਚ ਜੀਨਸ ਅਤੇ ਟੀ-ਸ਼ਰਟ ਪਹਿਨ ਕੇ ਆਈਆਂ ਦੋਵਾਂ ਲੜਕੀਆਂ ਨੇ ਪੁਜਾਰੀ ਨੂੰ ਦੋਵਾਂ ਦਾ ਵਿਆਹ ਕਰਾਉਣ ਨੂੰ ਕਿਹਾ। ਪੁਜਾਰੀ ਪਹਿਲਾਂ ਇਸ ਲਈ ਤਿਆਰ ਨਹੀਂ ਹੋਇਆ, ਪ੍ਰੰਤੂ ਵਾਰ-ਵਾਰ ਦਬਾਅ ਬਣਾਉਣ 'ਤੇ ਉਸ ਨੇ ਇਸ ਦੀ ਹਾਮੀ ਭਰ ਦਿੱਤੀ।

ਆਪੋ ਵਿੱਚ ਵਿਆਹ ਦੀਆਂ ਰਸਮਾਂ ਨੂੰ ਪੂਰਾ ਕਰਨ ਦੇ ਬਾਅਦ ਦੋਵੇਂ ਲੜਕੀਆਂ ਇਕੱਠੀਆਂ ਹੀ ਚਲੀਆਂ ਗਈਆਂ। ਮੰਗਲਵਾਰ ਦੁਪਹਿਰ ਹੋਏ ਇਸ ਪੂਰੇ ਘਟਨਾਕ੍ਰਮ ਦੀਆਂ ਤਸਵੀਰਾਂ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਜਾਣ ਦੇ ਕਾਰਨ ਇਹ ਕੇਸ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮੰਦਰ ਦੇ ਪੁਜਾਰੀ ਦੇ ਅਨੁਸਾਰ ਆਪੋ ਵਿੱਚ ਵਿਆਹ ਕਰਨ ਵਾਲੀਆਂ ਲੜਕੀਆਂ ਨੇ ਦੱਸਿਆ ਕਿ ਇੱਕ ਕਾਨਪੁਰ ਅਤੇ ਦੂਸਰੀ ਵਾਰਾਣਸੀ ਦੀ ਰਹਿਣ ਵਾਲੀ ਹੈ। ਕਾਨ-ਪੁਰ ਦੀ ਲੜਕੀ ਸੁੰਦਰਪੁਰ ਵਿੱਚ ਰਹਿਣ ਵਾਲੀ ਆਪਣੀ ਮਾਸੀ ਦੇ ਘਰ ਰਹਿ ਕੇ ਪੜ੍ਹਾਈ ਕਰਦੀ ਸੀ। ਇਸੇ ਦੌਰਾਨ ਮਸੇਰੀ ਭੈਣ ਨਾਲ ਪ੍ਰੇਮ ਸੰਬੰਧ ਹੋ ਗਿਆ ਅਤੇ ਦੋਵਾਂ ਨੇ ਵਿਆਹ ਕਰਨ ਦਾ ਫੈਸਲਾ ਕੀਤਾ। ਪੁਜਾਰੀ ਦੇ ਅਨੁਸਾਰੇ ਮੰਦਰ ਵਿੱਚ ਵਿਆਹ ਕਰਾਇਆ ਜਾਂਦਾ ਹੈ ਅਤੇ ਬਾਕਾਇਦਾ ਪੈਸੇ ਲੈ ਕੇ ਰਜਿਸਟਰਡ ਵੀ ਕੀਤਾ ਜਾਂਦਾ ਹੈ।

## ਭਵਿੱਖ ਵਿੱਚ ਰੋਬੋਟ ਖੁਦ ਠੀਕ ਹੋਣ ਵਾਲੇ ਹੋਣਗੇ: ਡੀਆਰਡੀਓ

ਚੇਨਈ, 4 ਜੁਲਾਈ (ਪੋਸਟ ਬਿਊਰੋ)- ਭਵਿੱਖ ਵਿੱਚ ਰੋਬੋਟ ਕਿਸੇ ਧਾਤ ਦੇ ਨਹੀਂ ਹੋਣਗੇ, ਸਗੋਂ ਨਰਮ ਤੱਤ ਤੋਂ ਬਣਾਏ ਜਾਣਗੇ ਜਿਹੜੇ ਦੇਖਣ ਅਤੇ ਕੰਮ ਕਰਨ ਵਿੱਚ ਇਕਦਮ ਮਸਲਜ਼ ਵਰਗੇ ਹੋਣਗੇ। ਭਾਰਤ ਦੀ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ (ਡੀ ਆਰ ਡੀ ਓ) ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਭਵਿੱਖ ਦੇ ਰੋਬੋਟ ਆਪਣੀ ਗੜਬੜੀ ਜਾਂ ਟੁੱਟ ਭੰਨ ਨੂੰ ਖੁਦ ਹੀ ਠੀਕ ਕਰ ਲੈਣਗੇ ਅਤੇ ਇਹ ਤਰਲ ਫਿਊਲ ਨਾਲ ਤੇਜ਼ ਰਫਤਾਰ ਨਾਲ ਚੱਲਣਗੇ। ਡੀ ਆਰ ਡੀ ਓ ਦੀ ਏਰੋਨਾਟਿਕਲ ਸਿਸਟਮਜ਼ (ਏਅਰੋ) ਦੀ ਡਾਇਰੈਕਟਰ ਜਨਰਲ ਟੈਸੀ ਥਾਮਸ ਨੇ ਦੱਸਿਆ ਕਿ ਇਹ ਰੋਬੋਟ ਵੱਖ ਵੱਖ ਤਰ੍ਹਾਂ ਸਰਗਰਮੀਆਂ ਵੀ ਕਰ ਕਰ ਸਕਣਗੇ। ਉਹ ਜਟਿਲ ਮਾਹੌਲ ਦੇ ਮੁਤਾਬਕ ਇਨਸਾਨਾਂ ਦੇ ਨਾਲ ਕੰਮ ਕਰ ਸਕਣਗੇ। ਮਿਜ਼ਾਈਲ ਵੂਮੈਨ ਆਫ ਇੰਡੀਆ ਦੇ ਨਾਂਅ ਤੋਂ ਮਸ਼ਹੂਰ ਟੇਸੀ ਥਾਮਸ ਪਹਿਲਾਂ ਹੀ ਨਰਮ ਲਚੀਲੇ ਰੋਬੋਟ ਵਿਕਸਿਤ ਕਰ ਚੁੱਕੀ ਹੈ। ਇਨ੍ਹਾਂ



ਦੇ ਮਸਲਜ਼ ਮਨੁੱਖਾਂ ਦੀਆਂ ਮਸਲਜ਼ ਵਾਂਗ ਹੀ ਗਤੀ ਕਰਨ ਵਿੱਚ ਸਹਾਇਕ ਹੁੰਦੇ ਹਨ। ਆਈ ਆਈ ਟੀ ਮਦਰਾਸ ਵਿੱਚ ਚਾਰ ਦਿਨਾਂ ਦੂ ਐਡਵਾਂਸ ਰੋਬੋਟਿਕਸ ਸੰਮੇਲਨ ਤੋਂ ਪਹਿਲਾਂ ਟੈਸੀ ਨੇ ਦੱਸਿਆ ਕਿ ਅਗਲੀ ਪੀੜ੍ਹੀ ਦੇ ਰੋਬੋਟ ਧਾਤ ਦੇ ਨਹੀਂ ਹੋਣਗੇ। ਇਸ ਦੀ ਥਾਂ ਇਹ ਨਰਮ ਪਦਾਰਥ ਨਾਲ ਬਣੇ ਹੋਣਗੇ। ਰੋਬੋਟ ਦੀ ਪ੍ਰਣਾਲੀ ਨਾਲ ਵੱਖ ਵੱਖ ਚੁਣੌਤੀ ਪੂਰਨ ਟੀਚਿਆਂ ਵਿੱਚ ਸਫਲਤਾ ਮਿਲੀ ਹੈ।

ਆਫਤ ਮੈਨੇਜਮੈਂਟ ਬਾਰੇ ਫੌਜੀ ਸੁਰੱਖਿਆ ਤੱਕ ਰੋਬੋਟਿਕਸ ਹੱਲ ਲੱਭਿਆ ਜਾ ਰਿਹਾ ਹੈ। ਇਸ ਕਾਰਨ ਦੇਸ਼ ਵਿੱਚ ਰੋਬੋਟਿਕ ਉਦਯੋਗ ਦੇ ਕਈ ਸਟਾਰਟਅਪ ਸ਼ੁਰੂ ਹੋਏ ਹਨ। ਐਡਵਾਂਸ ਰੋਬੋਟਿਕਸ ਦੇ ਨਾਲ ਆਰਟੀਫਿਸ਼ੀਅਲ ਇੰਟੈਲੀਜੈਂਸ, ਕੰਪਿਊਟਰ ਏਡਿਡ ਮੈਨੂਫੈਕਚਰਿੰਗ, ਥ੍ਰੀ ਡੀ ਪ੍ਰਿੰਟਿੰਗ ਅਤੇ ਇੰਟਰਨੈਟ ਆਫ ਥਿੰਗਸ ਜ਼ਰੀਏ ਇਹ ਉਦਯੋਗ ਸਾਲ 2025 ਤੱਕ ਅਨੁਮਾਨਿਤ ਦੋ ਲੱਖ ਕਰੋੜ ਰੁਪਏ ਦਾ ਕਾਰੋਬਾਰ ਕਰੇਗਾ। ਉਨ੍ਹਾਂ ਦੱਸਿਆ ਕਿ ਡੀ ਆਰ ਡੀ ਓ ਦੀਆਂ ਤਿੰਨ ਲੈਬਾਰਟਰੀਆਂ ਖਾਸ ਤੌਰ 'ਤੇ ਰੋਬੋਟਿਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਹੀ ਕੰਮ ਕਰ ਰਹੀਆਂ ਹਨ।

## ਕਲੇਸ਼ ਤੋਂ ਤੰਗ ਆਏ ਕਿਸਾਨ ਵੱਲੋਂ ਪਤਨੀ ਅਤੇ ਨੂੰਹ ਦੀ ਹੱਤਿਆ ਪਿੱਛੋਂ ਖੁਦਕੁਸ਼ੀ

ਟੋਹਾਣਾ, 4 ਜੁਲਾਈ (ਪੋਸਟ ਬਿਊਰੋ)- ਪਤੀ ਪਤਨੀ ਵਿੱਚ ਹੋਏ ਕਲੇਸ਼ ਨੇ ਪਿੰਡ ਕਿਰੋੜੀ ਦੇ ਕਿਸਾਨ ਪਰਵਾਰ ਦੇ ਤਿੰਨ ਜੀਆਂ ਦੀ ਜਾਨ ਲੈ ਲਈ। ਇਸ ਦੀ ਸੂਚਨਾ ਮਿਲਦੇ ਸਾਰ ਪੁਲਸ ਪੁੱਜੀ ਤੇ ਪਰਵਾਰ ਦੇ ਤਿੰਨ ਮੈਂਬਰਾਂ ਦੀਆਂ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੈ। ਪਤਾ ਲੱਗਾ ਹੈ ਕਿ ਪਿੰਡ ਕਿਰੋੜੀ ਦਾ 48 ਸਾਲਾ ਕਿਸਾਨ ਰਣਧੀਰ ਸਿੰਘ ਸੋਮਵਾਰ ਸ਼ਾਮ ਘਰ ਪੁੱਜਾ ਤਾਂ ਉਸ ਦੀ ਪਤਨੀ ਗੁੱਡੀ ਦੇਵੀ ਨਾਲ ਕਿਸੇ ਗੱਲ ਤੋਂ ਬਹਿਸ ਹੋ ਗਈ ਤੇ ਮਾਮਲਾ ਇੰਨਾ ਵਧ ਗਿਆ ਕਿ ਦੇਰ ਰਾਤ ਰਣਧੀਰ ਸਿੰਘ ਨੇ ਪਤਨੀ ਗੁੱਡੀ ਦੇਵੀ ਦੇ ਸਿਰ ਵਿੱਚ ਫੱਟਾ ਮਾਰਿਆ। ਜਦੋਂ 23 ਸਾਲਾ ਨੂੰਹ ਮਾਫ਼ੀ ਬਚਾਉਣ ਲਈ ਆਈ ਤਾਂ ਉਸ ਦੇ ਸਿਰ ਵਿੱਚ ਵੀ ਫੱਟਾ ਮਾਰ ਦਿੱਤਾ। ਰਣਧੀਰ ਸਿੰਘ ਨੇ ਨੂੰਹ ਤੇ ਸੱਸ ਦੇ ਸਿਰਾਂ 'ਤੇ ਕਈ ਵਾਰ ਕੀਤੇ। ਰੌਲਾ ਸੁਣ ਕੇ ਜਦੋਂ ਗੁਆਂਢੀ ਮਦਦ ਲਈ ਪੁੱਜੇ ਤਾਂ ਗੁੱਡੀ ਦੇਵੀ ਅਤੇ ਨੂੰਹ ਮਾਫ਼ੀ ਦੀ ਮੌਤ ਹੋ ਚੁੱਕੀ ਸੀ। ਰਣਧੀਰ ਸਿੰਘ ਘਰ



ਅੰਦਰੋਂ ਕੁਝ ਕੱਪੜੇ ਚੁੱਕ ਕੇ ਫਰਾਰ ਹੋ ਗਿਆ। ਪੁਲਸ ਨੂੰ ਦੇਰ ਰਾਤ ਸੂਚਨਾ ਮਿਲੀ ਤਾਂ ਕਿਸਾਨ ਰਣਧੀਰ ਸਿੰਘ ਦੀ ਭਾਲ ਕੀਤੀ। ਮੰਗਲਵਾਰ ਸਵੇਰੇ ਰਣਧੀਰ ਸਿੰਘ ਦੀ ਦੇਹ ਖੇਤ ਵਿਚਲੇ ਕਮਰੇ ਵਿੱਚ ਲਟਕਦੀ ਮਿਲੀ। ਆਦਮਪੁਰ ਪੁਲਸ ਨੇ ਪ੍ਰਦੀਪ ਕੁਮਾਰ ਦੀ ਸ਼ਿਕਾਇਤ 'ਤੇ ਉਸ ਦੇ ਪਿਤਾ (ਮ੍ਰਿਤਕ) ਰਣਧੀਰ ਸਿੰਘ ਦੇ ਵਿਰੁੱਧ ਪਤਨੀ ਗੁੱਡੀ ਤੇ ਨੂੰਹ 23 ਸਾਲਾ ਮਾਫ਼ੀ ਦੀ ਹੱਤਿਆ ਦਾ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਉਸ ਦਾ ਪਿਤਾ ਪਿਛਲੇ ਕਈ ਦਿਨਾਂ ਤੋਂ ਮਾਨਸਿਕ ਤਣਾਅ ਵਿੱਚੋਂ ਲੰਘ ਰਿਹਾ ਸੀ ਤੇ ਉਸ ਨੇ ਪਤਨੀ ਤੇ ਨੂੰਹ ਦੀ ਹੱਤਿਆ ਕਰ ਕੇ ਫਾਂਸੀ ਲਾ ਕੇ ਜਾਨ ਦੇ ਦਿੱਤੀ।




## ਇੰਦਰਾਣੀ ਮੁਕਰਜੀ ਸਰਕਾਰੀ ਗਵਾਹ ਬਣੀ, ਚਿਦੰਬਰਮ ਦੇ ਵਾਸਤੇ ਮੁਸ਼ਕਲ ਵਧਾਉਣ ਲੱਗੀ

ਨਵੀਂ ਦਿੱਲੀ, 4 ਜੁਲਾਈ (ਪੋਸਟ ਬਿਊਰੋ)- ਆਈ ਐੱਨ ਐਕਸ ਮੀਡੀਆ ਘੁਟਾਲਾ ਕੇਸ ਵਿੱਚ ਦੋਸ਼ੀ ਇੰਦਰਾਣੀ ਮੁਖਰਜੀ ਦੀ ਸਰਕਾਰੀ ਗਵਾਹ ਬਣਾਏ ਜਾਣ ਦੀ ਅਰਜ਼ੀ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਹੈ।

ਰਾਉਜ਼ ਐਵੀਨਿਊ ਦੀ ਵਿਸ਼ੇਸ਼ ਅਦਾਲਤ ਨੇ ਇੰਦਰਾਣੀ ਦੀ ਅਰਜ਼ੀ ਮਨਜ਼ੂਰ ਕਰ ਕੇ ਕਿਹਾ ਕਿ 11 ਜੁਲਾਈ ਨੂੰ ਇੰਦਰਾਣੀ ਨੂੰ ਅਦਾਲਤ ਵਿਚ ਪੇਸ਼ ਹੋ ਕੇ ਰਸਮੀ ਤੌਰ ਉੱਤੇ ਆਪਣੀ ਸਹਿਮਤੀ ਦੇਣੀ ਪਵੇਗੀ, ਤਾਂ ਕਿ ਇਸ ਮਾਮਲੇ ਉੱਤੇ ਅਗਲੀ ਸੁਣਵਾਈ ਕੀਤੀ ਜਾ ਸਕੇ। ਆਪਣੀ ਧੀ ਦੇ ਕਤਲ ਕੇਸ ਵਿੱਚ ਮੁੰਬਈ ਦੀ ਜੇਲ੍ਹ ਵਿਚ ਬੰਦ ਇੰਦਰਾਣੀ ਮੁਖਰਜੀ ਆਈ ਐੱਨ ਐਕਸ ਮੀਡੀਆ ਘੁਟਾਲੇ ਦੀ ਦੋਸ਼ੀ ਹੈ। ਉਹ ਆਈ ਐੱਨ ਐਕਸ ਮੀਡੀਆ ਕੰਪਨੀ ਦੀ ਸਾਬਕਾ ਡਾਇਰੈਕਟਰ ਹੈ। ਇਸ ਕੇਸ ਵਿੱਚ ਸਾਬਕਾ ਖਜ਼ਾਨਾ ਮੰਤਰੀ ਪੀ ਚਿਦੰਬਰਮ ਵੀ ਦੋਸ਼ੀ ਹਨ। ਇੰਦਰਾਣੀ ਨੇ ਪਿਛਲੇ ਸਾਲ ਅਦਾਲਤ ਵਿਚ ਅਰਜ਼ੀ ਪੇਸ਼ ਕਰਕੇ ਸਰਕਾਰੀ ਗਵਾਹ ਬਣਨ ਦੀ ਇੱਛਾ ਪ੍ਰਗਟਾਈ ਸੀ।



ਆਈ ਐੱਨ ਐਕਸ ਮੀਡੀਆ ਕੇਸ ਵਿੱਚ ਸੀ ਬੀ ਆਈ ਨੇ 15 ਮਈ 2017 ਨੂੰ ਸ਼ਿਕਾਇਤ ਦਰਜ ਕੀਤੀ ਸੀ ਕਿ ਖਜ਼ਾਨਾ ਮੰਤਰੀ ਹੁੰਦੇ ਹੋਏ ਪੀ. ਚਿਦੰਬਰਮ ਦੇ ਸਮੇਂ ਦੌਰਾਨ 2007 ਵਿੱਚ 305 ਕਰੋੜ ਰੁਪਏ ਦਾ ਵਿਦੇਸ਼ੀ ਧਨ ਰਾਸ਼ੀ ਹਾਸਲ ਕਰਨ ਲਈ ਇਸ ਮੀਡੀਆ ਗਰੁੱਪ ਨੂੰ ਦਿੱਤੀ ਮਨਜ਼ੂਰੀ ਵਿਚ ਬੇਨਿਯਮੀਆਂ ਹੋਈਆਂ ਸਨ। ਇਸ ਤੋਂ ਪਿੱਛੋਂ ਈ ਡੀ (ਇਨਫੋਰਸਮੈਂਟ ਡਾਇਰੈਕਟੋਰੇਟ) ਨੇ ਪਿਛਲੇ ਸਾਲ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਸੀ। ਇਸ ਵਿੱਚ ਇੰਦਰਾਣੀ ਮੁਖਰਜੀ ਦੇ ਸਰਕਾਰੀ ਗਵਾਹ ਬਣਨ ਨਾਲ ਪਹਿਲਾਂ ਕਈ ਕੇਸਾਂ ਵਿੱਚ ਘਿਰੇ ਹੋਏ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਦੀ ਮੁਸੀਬਤ ਵਧ ਸਕਦੀ ਹੈ, ਕਿਉਂਕਿ ਇੰਦਰਾਣੀ ਅਜਿਹੇ ਭੇਤਾਂ ਦਾ ਪਰਦਾ ਫ਼ਾਸ਼ ਕਰ ਸਕਦੀ ਹੈ।

## ਸਾਬਕਾ ਮੰਤਰੀ ਸ਼ੈਲਜਾ ਤੇ ਮੁਕੁਲ ਉੱਤੇ ਕੇਸ ਦਰਜ

ਨਵੀਂ ਦਿੱਲੀ, 4 ਜੁਲਾਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ 'ਚ 17 ਜਾਤਾਂ ਨਾਲ ਘੁਮਿਆਰ ਜਾਤ ਨੂੰ ਅਨੁਸੂਚਿਤ ਜਾਤਾਂ ਵਿੱਚ ਸ਼ਾਮਲ ਕਰਨ ਦੀ ਤਜਵੀਜ਼ ਦੀਆਂ ਫਾਈਲਾਂ ਗਾਇਬ ਹੋਣ ਬਾਰੇ ਪਾਰਲੀਮੈਂਟ ਸਟਰੀਟ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਹੈ। ਕਾਂਗਰਸ ਦੀ ਡਾਕਟਰ ਮਨਮੋਹਨ ਸਿੰਘ ਵਾਲੀ ਸਰਕਾਰ ਦੇ ਰਾਜ ਦੌਰਾਨ ਇਹ ਫਾਈਲਾਂ ਸਮਾਜਕ ਨਿਆਂ ਮੰਤਰਾਲੇ ਤੋਂ ਗਾਇਬ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ।

ਇਸ ਸੰਬੰਧ ਵਿੱਚ ਦਲਿਤ ਸ਼ੋਸ਼ਿਤ ਪੱਛੜਾ ਵਰਗ ਅਧਿਕਾਰ ਦਲ ਦੇ ਕੌਮੀ ਜਨਰਲ ਸਕੱਤਰ ਨੀਰਜ ਪਰਜਾਪਤੀ ਵੱਲੋਂ ਦਰਜ ਕਰਾਏ ਗਏ ਕੇਸ ਵਿੱਚ ਓਦੋਂ ਦੇ ਸਮਾਜਕ ਨਿਆਂ ਮੰਤਰੀ ਮੁਕੁਲ ਵਾਸਨਿਕ ਤੇ ਕੁਮਾਰੀ ਸ਼ੈਲਜਾ ਸਮੇਤ ਉਨ੍ਹਾਂ ਦੇ ਸੁਬਾਰਡੀਨੇਟ ਅਧਿਕਾਰੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਹੈ। ਨੀਰਜ ਪਰਜਾਪਤੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਮੁਕੁਲ ਵਾਸਨਿਕ ਤੇ ਕੁਮਾਰੀ ਸ਼ੈਲਜਾ ਨੇ ਆਪਣੇ ਸੁਬਾਰਡੀਨੇਟ ਅਧਿਕਾਰੀਆਂ ਨਾਲ ਸਾਜ਼ਿਸ਼ ਰੱਚ ਕੇ ਫਾਈਲਾਂ ਗਾਇਬ ਕਰਾਈਆਂ ਹਨ ਤਾਂ ਜੋ ਉੱਤਰ ਪ੍ਰਦੇਸ਼ ਦੀਆਂ 17 ਅਤਿ ਪੱਛੜੀ ਜਾਤੀਆਂ ਦੇ ਮਾਮਲੇ ਵਿੱਚ ਰੁਕਾਵਟ ਪਾਈ ਜਾ ਸਕੇ।

## ਅਭਿਨੇਤਰੀ ਭਾਗਿਆਸ਼੍ਰੀ ਦਾ ਪਤੀ ਸੱਟੇਬਾਜ਼ੀ ਕਰਦਾ ਗ੍ਰਿਫਤਾਰ

ਮੁੰਬਈ, 4 ਜੁਲਾਈ (ਪੋਸਟ ਬਿਊਰੋ)- ਫਿਲਮ 'ਮੈਂਨੇ ਪਿਆਰ ਕੀਆ' ਨਾਲ ਪ੍ਰਸਿੱਧੀ ਹਾਸਲ ਕਰਨ ਵਾਲੀ ਅਭਿਨੇਤਰੀ ਭਾਗਿਆਸ਼੍ਰੀ ਦੇ ਪਤੀ ਨੂੰ ਸ਼ਹਿਰ ਦੇ ਇੱਕ ਹਿੱਸੇ ਜੋਗੇਸ਼ਵਰੀ ਵਿੱਚ ਇੱਕ ਸੱਟੇਬਾਜ਼ੀ ਗਿਰੋਹ ਵਿੱਚ ਭੂਮਿਕਾ ਦੇ ਸੰਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਅੰਬੋਲੀ ਥਾਣਾ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਅਭਿਨੇਤਾ ਤੋਂ ਫਿਲਮ ਨਿਰਮਾਤਾ ਬਣੇ ਹੋਏ ਹਿਮਾਲਿਆ ਦਾਸਾਨੀ ਨੂੰ ਬੀਤੇ ਦਿਨੀਂ ਉਸ ਦੇ ਘਰੋਂ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦਾਸਾਨੀ ਨੂੰ ਇੱਕ ਸਥਾਨਕ ਕੋਰਟ ਵਿੱਚ ਪੇਸ਼ ਕੀਤਾ ਗਿਆ ਜਿੱਥੋਂ ਉਸ ਨੂੰ ਜ਼ਮਾਨਤ ਮਿਲ ਗਈ ਹੈ। ਇਸ ਪੁਲਸ ਅਧਿਕਾਰੀ ਨੇ ਕਿਹਾ, ਅੰਬੋਲੀ ਪੁਲਸ ਨੇ ਪਿਛਲੇ ਦਿਨੀਂ ਸੱਟੇਬਾਜ਼ੀ ਨਾਲ ਜੁੜੇ ਹੋਏ ਇੱਕ ਗਿਰੋਹ ਦਾ ਪਰਦਾ ਫਾਸ਼ ਕੀਤਾ ਸੀ।






# ਫਰਾਂਸ ਨੇ ਪਾਕਿਸਤਾਨ ਨੂੰ ਕਈ ਪੁਰਾਤਨ ਵਸਤਾਂ ਮੋੜੀਆਂ

ਪੈਰਿਸ, 4 ਜੁਲਾਈ (ਪੋਸਟ ਬਿਊਰੋ)- ਫਰਾਂਸ ਦੀ ਸਰਕਾਰ ਨੇ ਪਾਕਿਸਤਾਨ ਨੂੰ ਕਰੀਬ 450 ਪੁਰਾਤਨ ਵਸਤਾਂ ਸੌਂਪੀਆਂ ਹਨ, ਜਿਨ੍ਹਾਂ ਵਿੱਚੋਂ ਕੁਝ 4000 ਈਸਾ ਪੂਰਵ ਵੇਲੇ ਦੀਆਂ ਹਨ। ਇਹ ਵਸਤਾਂ ਫਰਾਂਸ ਦੇ ਕਸਟਮ ਵਿਭਾਗ ਨੇ ਕਰੀਬ ਇੱਕ ਦਹਾਕਾ ਪਹਿਲਾਂ ਜ਼ਬਤ ਕੀਤੀਆਂ ਸਨ।

ਪੈਰਿਸ ਦੇ ਚਾਰਲਜ਼ ਡੀ ਗਾਲ ਹਵਾਈ ਅੱਡੇ ਉਤੇ ਸਾਲ 2006 ਵਿੱਚ ਕਸਟਮ ਅਧਿਕਾਰੀਆਂ ਨੇ ਪਾਕਿਸਤਾਨ ਤੋਂ ਆਏ ਇੱਕ ਪਾਰਸਲ ਦੀ ਜਾਂਚ ਕੀਤੀ ਤਾਂ ਉਸ ਵਿੱਚੋਂ ਟੈਰੀਕੋਟਾ ਦੇ 17 ਬਰਤਨ, ਜੋ ਸ਼ਹਿਰ ਦੇ ਅਜਾਇਬਘਰ ਲਈ ਭੇਜੇ ਗਏ ਸਨ, ਨਿਕਲੇ ਸਨ, ਜਿਨ੍ਹਾਂ ਬਾਰੇ ਦਾਅਵਾ ਕੀਤਾ ਗਿਆ ਸੀ ਕਿ ਇਹ ਕਰੀਬ ਸੌ ਸਾਲ ਪੁਰਾਣੇ ਹਨ, ਪਰ ਜਦੋਂ ਮਾਹਰਾਂ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਇਹ ਈਸਾ ਪੂਰਵ ਵੇਲੇ ਦੇ ਹਨ। ਇਹ ਸਭ ਵਸਤਾਂ ਪਾਕਿਸਤਾਨ ਦੇ ਬਲੋਚਿਸਤਾਨ ਰਾਜ ਦੀਆਂ ਕਬਰਾਂ 'ਚੋਂ ਚੋਰੀ ਕੀਤੀਆਂ ਹੋਣ ਦਾ ਸ਼ੱਕ ਸੀ। ਇਸ ਕੇਸ ਦੀ ਡੂੰਘਾਈ ਨਾਲ ਕੀਤੀ ਗਈ ਜਾਂਚ ਤੇ ਪੈਰਿਸ ਦੀ ਗੈਲਰੀ ਉਤੇ ਮਾਰੇ ਗਏ ਛਾਪੇ ਮਗਰੋਂ ਜਾਂਚਕਾਰਾਂ ਨੂੰ ਕੁੱਲ 445 ਵਸਤਾਂ ਮਿਲੀਆਂ, ਜੋ 4000 ਈਸਾ ਪੂਰਵ ਵੇਲੇ ਦੀਆਂ ਸਨ। ਇਨ੍ਹਾਂ ਵਸਤਾਂ ਦੀ ਕੀਮਤ ਕੀਰਬ 157,000 ਅਮਰੀਕੀ ਡਾਲਰ ਹੈ। ਇਨ੍ਹਾਂ ਵਿੱਚ ਖ਼ੂਬਸੂਰਤੀ ਨਾਲ ਸਜਾਏ ਗਏ ਕੁੱਜੇ, ਗਮਲੇ ਅਤੇ ਹੋਰ ਭਾਂਡੇ ਸ਼ਾਮਲ ਹਨ। ਇਨ੍ਹਾਂ 'ਤੇ ਵੱਖ-ਵੱਖ ਤਰ੍ਹਾਂ ਦੇ ਫੁੱਲ-ਬੂਟੇ ਅਤੇ ਜਨੌਰ ਉਕਰੇ ਹੋਏ ਹਨ। ਇਨ੍ਹਾਂ ਵਿੱਚ ਸੈਰਾਮਿਕ ਦੀਆਂ ਪਲੇਟਾਂ, ਡੌਂਗੇ ਅਤੇ ਸਜਾਵਟੀ ਵਸਤਾਂ ਵੀ ਸ਼ਾਮਲ ਹਨ। ਇਹ ਸਭ ਵਸਤਾਂ ਗੈਰ ਕਾਨੂੰਨੀ ਢੰਗ ਨਾਲ ਪਾਕਿਸਤਾਨ ਤੋਂ ਵਿਦੇਸ਼ੀ ਡੀਲਰਾਂ ਨੂੰ ਵੇਚਣ ਲਈ ਲਿਆਂਦੀਆਂ ਗਈਆਂ ਸਨ। ਇਹ ਵਸਤਾਂ ਰਸਮੀ ਤੌਰ 'ਤੇ ਪਾਕਿਸਤਾਨ ਹਵਾਲੇ ਕਰਨ ਲਈ ਕਰਵਾਏ ਸਮਾਗਮ ਮੌਕੇ ਫਰਾਂਸ ਦੇ ਕਸਟਮ ਵਿਭਾਗ ਦੇ ਉਚ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਪਾਕਿਸਤਾਨੀ ਅੰਬੈਸੀ ਦੇ ਅਧਿਕਾਰੀ ਅੱਬਾਸ ਸਰਵਰ ਕੁਰੈਸ਼ੀ ਨੇ ਕਿਹਾ, ਇਹ ਸਾਡੇ ਲਈ ਬਹੁਤ ਕੀਮਤੀ ਹਨ। ਇਨ੍ਹਾਂ 'ਚੋਂ ਕੁਝ ਵਸਤਾਂ 6000 ਸਾਲ ਪੁਰਾਣੀ ਮੇਹਰਗੜ੍ਹ ਸਭਿਅਤਾ ਨਾਲ ਸੰਬੰਧਤ ਹਨ।

# ਕਰਤਾਰਪੁਰ ਲਾਂਘੇ ਦਾ ਉਦਘਾਟਨ ਇਮਰਾਨ ਖਾਨ ਅੱਠ ਨਵੰਬਰ ਨੂੰ ਕਰਨਗੇ



ਲਾਹੌਰ, 4 ਜੁਲਾਈ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਗੁਰਦੁਆਰਾ ਦਰਬਾਰ ਸਾਹਿਬ (ਕਰਤਾਰਪੁਰ ਸਾਹਿਬ) ਅਤੇ ਡੇਰਾ ਬਾਬਾ ਨਾਨਕ ਨੂੰ ਜੋੜਨ ਲਈ ਉਸਾਰੇ ਜਾ ਰਹੇ ਕਰਤਾਰਪੁਰ ਲਾਂਘੇ ਦਾ ਉਦਘਾਟਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅੱਠ ਨਵੰਬਰ ਨੂੰ ਕਰਨਗੇ ਤੇ ਨੌਂ ਨਵੰਬਰ ਨੂੰ ਭਾਰਤ ਵੱਲੋਂ ਲਾਂਘੇ ਰਾਹੀਂ ਪਹਿਲਾ ਜਥਾ ਪਾਕਿਸਤਾਨ ਵੱਲ ਜਾਵੇਗਾ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਾਰਾ ਸਿੰਘ ਨੇ ਦੱਸਿਆ ਕਿ ਇਸ ਪ੍ਰਕਾਸ਼ ਪੁਰਬ ਮੌਕੇ ਮੁੱਖ ਸਮਾਗਮ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ 10 ਤੋਂ 12 ਨਵੰਬਰ ਤੱਕ ਹੋਵੇਗਾ, ਜਿਸ ਵਿੱਚ ਭਾਰਤ ਅਤੇ ਹੋਰ ਮੁਲਕਾਂ ਤੋਂ ਲਗਭਗ ਇੱਕ ਲੱਖ ਨਾਨਕ ਨਾਮ ਲੇਵਾ ਸ਼ਰਧਾਲੂ ਸ਼ਾਮਲ ਹੋਣਗੇ। ਇਸ ਦੇ ਬਾਅਦ ਇੱਕ ਦਿਨ ਲਈ ਯਾਤਰੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਠਹਿਰਾਇਆ ਜਾਵੇਗਾ। ਤਾਰਾ ਸਿੰਘ ਦੇ ਅਨੁਸਾਰ ਭਾਰਤ ਵੱਲੋਂ ਲਾਂਘੇ ਦੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਭਾਰਤੀਆਂ ਨੂੰ ਬਗੈਰ ਵੀਜ਼ਾ ਦਰਸ਼ਨ ਕਰਨ ਦੀ ਸਹੂਲਤ ਦਿੱਤੀ ਗਈ ਹੈ ਅਤੇ ਪੀ ਐੱਸ ਜੀ ਪੀ ਸੀ ਵੱਲੋਂ ਇਹ ਯਤਨ ਕੀਤੇ ਜਾ ਰਹੇ ਹਨ ਕਿ ਲਾਂਘਾ ਖੁੱਲ੍ਹਣ ਪਿੱਛੋਂ ਇਸ ਲਾਂਘੇ ਦੇ ਨਾਲ ਨਨਕਾਣਾ ਸਾਹਿਬ ਨੂੰ ਵੀ ਜੋੜਿਆ ਜਾਵੇ, ਤਾਂ ਕਿ ਭਾਰਤ ਤੋਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਅਗਲੇ ਦਿਨ ਬਿਨਾਂ ਵੀਜ਼ਾ ਦੇ ਗੁਰਦੁਆਰਾ ਜਨਮ ਅਸਥਾਨੇ ਸ੍ਰੀ ਨਨਕਾਣਾ ਸਾਹਿਬ ਦੇ ਵੀ ਦਰਸ਼ਨ ਕਰ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਇਸ ਬਾਰੇ ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਦੇ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਤੋਂ ਮੰਗ ਕੀਤੀ ਜਾ ਚੁੱਕੀ ਹੈ ਤੇ ਇਸ ਦੀ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਵੀ ਸਲਾਹ ਮਸ਼ਵਰਾ ਲਿਆ ਜਾਵੇਗਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਜਰਬੇ ਅਤੇ ਸਾਥ ਨਾਲ ਇਸ ਮੌਕੇ ਹੋਣ ਵਾਲੇ ਸਮਾਗਮਾਂ ਨੂੰ ਹੋਰ ਬਿਹਤਰ ਬਣਾਉਣ ਦਾ ਉਪਰਾਲਾ ਕੀਤਾ ਜਾਵੇਗਾ। ਤਾਰਾ ਸਿੰਘ ਦੇ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ: ਰੂਪ ਸਿੰਘ ਅਤੇ ਹੋਰਨਾਂ ਨਾਲ ਬੈਠਕ ਕਰ ਕੇ ਉਨ੍ਹਾਂ ਨੂੰ ਪੂਰਾ ਨਵੰਬਰ ਮਹੀਨਾ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਕਥਾਵਾਚਕ ਤੇ ਰਾਗੀ ਜਥੇਦਾਰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਭੇਜਣ ਨੂੰ ਕਿਹਾ ਹੈ ਤਾਂ ਕਿ ਪ੍ਰਕਾਸ਼ ਪੁਰਬ ਸਮਾਗਮਾਂ 'ਚ ਦੇਸ਼-ਵਿਦੇਸ਼ ਤੋਂ ਪਾਕਿਸਤਾਨ ਪਹੁੰਚੀ ਸੰਗਤ ਇਲਾਹੀ ਬਾਣੀ ਤੇ ਗੁਰਬਾਣੀ ਦੇ ਕੀਰਤਨ ਨਾਲ ਨਿਹਾਲ ਹੋ ਸਕੇ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਕਮੇਟੀ ਬਣਾਈ ਗਈ ਹੈ, ਜੋ ਪਾਕਿਸਤਾਨ ਆਏ ਯਾਤਰੂਆਂ ਦੀ ਰਿਹਾਇਸ਼, ਲੰਗਰ, ਸਿਹਤ ਸੇਵਾਵਾਂ, ਸੁਰੱਖਿਆ ਆਦਿ ਦੇ ਪ੍ਰਬੰਧ ਕਰੇਗੀ। ਇਸ ਦੇ ਇਲਾਵਾ ਭਾਰਤ ਤੇ ਹੋਰ ਮੁਲਕਾਂ ਤੋਂ ਆਏ ਜਥਿਆਂ ਦੇ ਵੀਜ਼ਾ ਪ੍ਰਬੰਧਾਂ ਲਈ ਇੱਕ ਕਮੇਟੀ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ 550ਵੇਂ ਪ੍ਰਕਾਸ਼ ਪੁਰਬ ਪਹਿਲਾ ਅਜਿਹਾ ਮੌਕਾ ਹੋਵੇਗਾ, ਜਦੋਂ ਦੇਸ਼-ਵਿਦੇਸ਼ ਦੇ ਸਿੱਖ ਸੰਗਠਨ ਇੱਕ ਮੰਚ 'ਤੇ ਇਕੱਠੇ ਹੋਣਗੇ ਅਤੇ ਨਾਨਕਸ਼ਾਹੀ ਕੈਲੰਡਰ ਸਮੇਤ ਕਈ ਗੱਲਾਂ ਦਾ ਹੱਲ ਸਹਿਮਤੀ ਨਾਲ ਕੱਢਿਆ ਜਾਵੇਗਾ।

# ਸ਼ੇਖ ਹਸੀਨਾ ਉੱਤੇ ਹਮਲੇ ਦੇ ਨੌਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ



ਢਾਕਾ, 4 ਜੁਲਾਈ (ਪੋਸਟ ਬਿਊਰੋ)- ਬੰਗਲਾ ਦੇਸ਼ ਦੀ ਇੱਕ ਅਦਾਲਤ ਨੇ ਕੱਲ੍ਹ 25 ਸਾਲ ਪਹਿਲਾਂ, ਜਦੋਂ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਿਰੋਧੀ ਧਿਰ ਦੀ ਨੇਤਾ ਸੀ, ਉਸ ਉੱਤੇ ਹਮਲਾ ਕਰਨ ਵਾਲੇ ਬੀ ਐੱਨ ਪੀ ਦੇ ਨੌਂ ਕਾਰਕੁਨਾਂ ਨੂੰ ਮੌਤ ਤੇ 25 ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਵਰਨਣ ਯੋਗ ਹੈ ਕਿ 23 ਸਤੰਬਰ 1994 ਨੂੰ ਸ਼ੇਖ ਹਸੀਨਾ ਜਦੋਂ ਦੇਸ਼ ਵਿਆਪੀ ਮੁਹਿੰਮ ਦੀ ਅਗਵਾਈ ਕਰਦਿਆਂ ਰੇਲ ਗੱਡੀ ਵਿੱਚ ਪਬਾਨਾ ਦੇ ਇਸ਼ਵਾਰਦੀ ਪੁੱਜੀ ਤਾਂ ਉਸ ਉਤੇ ਬੀ ਐਨ ਪੀ ਦੇ ਕਾਰਕੁਨਾਂ ਨੇ ਹਮਲਾ ਕੀਤਾ ਸੀ, ਪਰ ਉਹ ਇਸ ਹਮਲੇ ਵਿੱਚ ਬਚ ਗਈ ਸੀ। ਉਸ ਸਮੇਂ ਬੰਗਲਾ ਦੇਸ਼ ਵਿੱਚ ਬੰਗਲਾ ਦੇਸ਼ ਨੈਸ਼ਨਲਿਸਟ ਪਾਰਟੀ (ਬੀ ਐੱਨ ਪੀ) ਦੀ ਚੇਅਰਪਰਸਨ ਖਾਲਿਦਾ ਜ਼ਿਆ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੀ ਸੀ। ਮੀਡੀਆ ਰਿਪੋਰਟ ਮੁਤਾਬਕ 25 ਸਾਲ ਬਾਅਦ ਪਬਾਨਾ ਅਦਾਲਤ ਨੇ ਐਡੀਸ਼ਨਲ ਸੈਸ਼ਨ ਜੱਜ ਰੋਸਤਮ ਅਲੀ ਨੇ ਬੀ ਐੱਨ ਪੀ ਦੇ ਨੌਂ ਕਾਰਕੁਨਾਂ ਨੂੰ ਮੌਤ ਅਤੇ 25 ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਦੇ ਨਾਲ 13 ਹੋਰ ਲੋਕਾਂ ਨੂੰ 10-10 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਵਿੱਚ ਰੇਲਵੇ ਪੁਲਸ ਨੇ 135 ਲੋਕਾਂ ਖਿਲਾਫ ਕੇਸ ਦਰਜ ਕੀਤਾ ਸੀ, ਪਰ ਜਾਂਚ ਬਾਅਦ ਕੇਵਲ 52 ਲੋਕਾਂ ਖਿਲਾਫ ਹੀ ਦੋਸ਼ ਪੱਤਰ ਦਾਖਲ ਕੀਤਾ ਗਿਆ ਸੀ। ਅਦਾਲਤ ਦੇ ਇਸ ਫੈਸਲੇ ਖਿਲਾਫ ਬੀ ਐੱਨ ਪੀ ਦੇ ਸਥਾਨਕ ਕਾਰਕੁਨਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ, ਜਦ ਕਿ ਸੱਤਾਧਾਰੀ ਅਵਾਮੀ ਲੀਗ ਦੇ ਵਰਕਰਾਂ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

# ਵੀਜ਼ਾ ਫ੍ਰੀ ਦਾਖਲੇ ਨਾਲ ਨਿਊਜ਼ੀਲੈਂਡ ਪਾਸਪੋਰਟ 9ਵੇਂ ਨੰਬਰ ਉੱਤੇ ਖਿਸਕਿਆ

ਆਕਲੈਂਡ, 4 ਜੁਲਾਈ (ਪੋਸਟ ਬਿਊਰੋ)- ਸਾਲ 1970 ਵਿੱਚ ਸਥਾਪਤ ਤੇ ਦੁਬਾਰਾ 1997 ਵਿੱਚ ਪੁਨਰ ਨਿਰਮਾਣ ਪਿੱਛੋਂ ਹੋਂਦ ਵਿੱਚ ਆਈ ਹੈਨਲੇ ਐਂਡ ਪਾਰਟਨਰ ਸਰਵੇ ਕੰਪਨੀ (ਲੰਡਨ) ਨੇ ਇੰਟਰਨੈਸ਼ਨਲ ਏਅਰ ਟਰਾਂਸਪੋਰਟ ਐਸੋਸੀਏਸ਼ਨ ਦੇ ਡਾਟਾਬੇਸ ਨੂੰ ਆਧਾਰ ਬਣਾ ਕੇ ਸੰਸਾਰ ਭਰ ਦੇ ਪਾਸਪੋਰਟਾਂ ਦੀ ਸ਼ਕਤੀ ਦਾ ਵਿਸ਼ਲੇਸ਼ਣ ਕਰਦਿਆਂ ਅੰਕੜੇ ਜਾਰੀ ਕੀਤੇ ਹਨ ਕਿ ਕਿਹੜੇ ਦੇਸ਼ ਦਾ ਪਾਸਪੋਰਟ ਕਿੰਨਾ ਸ਼ਕਤੀਸ਼ਾਲੀ ਹੈ ਅਤੇ ਕਿੰਨੀ ਲੰਬੀ ਛਾਲ ਲਾ ਸਕਦਾ ਹੈ।

ਇਸ ਦਰਜਾਬੰਦੀ ਅਨੁਸਾਰ ਪਹਿਲੇ ਨੰਬਰ ਉਤੇ ਜਾਪਾਨ, ਸਿੰਗਾਪੁਰ ਆਏ ਹਨ, ਜੋ 189 ਦੇਸ਼ਾਂ ਵਿੱਚ ਵੀਜ਼ਾ ਫ੍ਰੀ ਦਾਖਲਾ ਲੈ ਸਕਦੇ ਹਨ। ਦੂਜੇ ਨੰਬਰ 'ਤੇ ਫਿਨਲੈਂਡ, ਜਰਮਨੀ ਅਤੇ ਸਾਊਥ ਕੋਰੀਆ ਹਨ, ਜੋ 187 ਦੇਸ਼ਾਂ ਵਿੱਚ ਵੀਜ਼ਾ ਰਹਿਤ ਜਾ ਸਕਦੇ ਹਨ, ਤੀਜੇ ਨੰਬਰ 'ਤੇ ਡੈਨਮਾਰਕ, ਇਟਲੀ ਅਤੇ ਲਗਜ਼ਮਬਰਗ ਹਨ, ਜੋ 186 ਦੇਸ਼ਾਂ 'ਚ ਵੀਜ਼ਾ ਰਹਿਤ ਜਾ ਸਕਦੇ ਹਨ। ਨਿਊਜ਼ੀਲੈਂਡ 9ਵੇਂ ਨੰਬਰ 'ਤੇ ਆਇਆ ਹੈ ਜਿਸ ਦਾ ਪਾਸਪੋਰਟ ਧਾਰਕ 180 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਲਿਆ ਜਾ ਸਕਦਾ ਹੈ। ਪਿਛਲੇ ਸਾਲ ਨਿਊਜ਼ੀਲੈਂਡ 8ਵੇਂ ਨੰਬਰ ਉਤੇ ਸੀ ਅਤੇ ਪਾਸਪੋਰਟ ਧਾਰਕਾਂ ਲਈ 182 ਦੇਸ਼ਾਂ ਵਿੱਚ ਵੀਜ਼ਾ ਰਹਿਤ ਐਂਟਰੀ ਸੀ। ਇਸ ਦੇ ਬਰਾਬਰ ਹੀਅ ਆਸਟਰੇਲੀਆ, ਆਈਸਲੈਂਡ ਅਤੇ ਲਿਬੀਆਨਾ ਵੀ 9ਵੇਂ ਨੰਬਰ 'ਤੇ ਹਨ। ਭਾਰਤ ਦੀ ਗੱਲ ਕਰੀਏ ਤਾਂ ਇਹ 86ਵੇਂ ਨੰਬਰ 'ਤੇ ਆਇਆ ਹੈ ਅਤੇ ਭਾਰਤੀ ਪਾਸਪੋਰਟ ਧਾਰਕ 58 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਲਿਆਂ ਜਾ ਸਕਦੇ ਹਨ। ਭਾਰਤ ਦਾ ਗੁਆਂਢੀ ਦੇਸ਼ ਪਾਕਿਸਤਾਨ 106ਵੇਂ ਨੰਬਰ 'ਤੇ ਹੈ ਅਤੇ ਇਸ ਦੇ ਲੋਕ ਤੀਹ ਦੇਸ਼ਾਂ ਵਿੱਚ ਬਿਨਾਂ ਵੀਜ਼ਾ ਲਿਆਂ ਜਾ ਸਕਦੇ ਹਨ। ਸਭ ਤੋਂ ਹੇਠਾਂ 109ਵੇਂ ਨੰਬਰ 'ਤੇ ਅਫਗਾਨਿਸਤਾਨ ਆਇਆ ਹੈ ਜਿਸ ਦੇ ਲੋਕ ਸਿਰਫ 25 ਦੇਸ਼ਾਂ ਵਿੱਚ ਬਿਨਾਂ ਵੀਜ਼ਾ ਲਿਆਂ ਜਾ ਸਕਦੇ ਹਨ।




# ਸਿਆਲਕੋਟ ਵਿੱਚ ਪੁਰਾਤਨ ਹਿੰਦੂ ਮੰਦਰ 72 ਸਾਲ ਬਾਅਦ ਖੁੱਲ੍ਹਿਆ

ਸਿਆਲਕੋਟ, 4 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸਿਆਲਕੋਟ ਸ਼ਹਿਰ ਦੇ ਪ੍ਰਾਚੀਨ ਮੰਦਰ ਨੂੰ 72 ਸਾਲ ਪਿੱਛੋਂ ਸ਼ਰਧਾਲੂਆਂ ਲਈ ਫਿਰ ਖੋਲ੍ਹ ਦਿੱਤਾ ਗਿਆ ਹੈ। ਇਹ ਮੰਦਰ ਫੈਡਰਲ ਸਰਕਾਰ ਦੇ ਨਿਰਦੇਸ਼ 'ਤੇ ਖੋਲ੍ਹਿਆ ਗਿਆ ਹੈ। ਇਹ ਮੰਦਰ ਵੰਡ ਦੇ ਸਮੇਂ ਤੋਂ ਬੰਦ ਸੀ।



ਐਕਸਪ੍ਰੈਸ ਟ੍ਰਿਬਿਊਨ ਅਖਬਾਰ ਦੇ ਅਨੁਸਾਰ ਘੱਟ ਗਿਣਤੀ ਹਿੰਦੂ ਭਾਈਚਾਰੇ ਦੀ ਇਸ ਬਾਰੇ ਮੰਗ ਨੂੰ ਪੂਰਾ ਕਰਦੇ ਹੋਏ ਸ਼ਾਵਲਤੀਜਾ ਮੰਦਰ ਨੂੰ ਪਿਛਲੇ ਦਿਨੀਂ ਹਿੰਦੂ ਧਾਰਮਿਕ ਰਸਮਾਂ ਨਾਲ ਖੋਲ੍ਹਿਆ ਗਿਆ ਹੈ। ਇਸ ਦੀ ਮੰਦਰ ਕਮੇਟੀ ਦੇ ਉਪ ਸਕੱਤਰ ਸੱਯਦ ਫਰਾਜ਼ ਅੱਬਾਸ ਨੇ ਕਿਹਾ ਕਿ ਹਿੰਦੂ ਭਾਈਚਾਰਾ ਕਈ ਸਾਲਾਂ ਤੋਂ ਇਸ ਮੰਦਰ ਨੂੰ ਖੋਲ੍ਹਣ ਦੀ ਮੰਗ ਕਰ ਰਿਹਾ ਸੀ। ਮੰਦਰ ਦੀ ਮੁਰੰਮਤ ਲਈ ਲਾਗਤ ਦਾ ਅਨੁਮਾਨ ਲਾਇਆ ਜਾ ਰਿਹਾ ਸੀ। ਦੇਵੀ ਦੇਵਤਿਆਂ ਦੀਆਂ ਮੂਰਤੀਆਂ ਭਾਰਤ ਤੋਂ ਮੰਗਵਾਈਆਂ ਜਾਣਗੀਆਂ। ਇਹ ਮੰਦਰ ਵੰਡ ਦੇ ਸਮੇਂ ਤੋਂ ਬੰਦ ਪਿਆ ਸੀ ਅਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਨਿਰਦੇਸ਼ 'ਤੇ ਇਸ ਨੂੰ ਖੋਲ੍ਹਿਆ ਗਿਆ ਹੈ। ਹਾਲ ਹੀ ਵਿੱਚ ਸਰਕਾਰ ਨੇ ਸਿਆਲਕੋਟ ਦੇ 500 ਸਾਲ ਪੁਰਾਣੇ ਗੁਰਦੁਆਰੇ ਬਾਬੇ ਦੀ ਬੇਰ ਨੂੰ ਭਾਰਤੀ ਸਿੱਖ ਸ਼ਰਧਾਲੂਆਂ ਲਈ ਖੋਲ੍ਹਣ ਦਾ ਫੈਸਲਾ ਕੀਤਾ ਸੀ।

# ਪਿਛਲੇ ਸਾਲ ਵੈਸਟ ਮਿਡਲੈਂਡ ਦੀ ਛਾਪੇ ਕਾਰਨ ਦੋ ਸਿੱਖ ਗ੍ਰਿਫਤਾਰ

ਲੰਡਨ, 4 ਜੁਲਾਈ (ਪੋਸਟ ਬਿਊਰੋ)- ਵੈਸਟ ਮਿਡਲੈਂਡ ਪੁਲਸ ਨੇ ਕੱਲ੍ਹ ਦੋ ਸਿੱਖਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਵਿੱਚ ਇੱਕ 38 ਸਾਲਾ ਔਰਤ ਤੇ ਇੱਕ 49 ਸਾਲਾ ਪੁਰਸ਼ ਸ਼ਾਮਲ ਹਨ। ਪਤਾ ਲੱਗਾ ਹੈ ਕਿ ਇਹ ਗ੍ਰਿਫਤਾਰੀਆਂ ਵੈਸਟ ਮਿਡਲੈਂਡ ਕਾਊਂਟਰ ਟੈਰੋਰਿਜ਼ਮ ਯੂਨਿਟ ਦੀ ਜਾਂਚ ਟੀਮ ਨੇ ਕੀਤੀਆਂ ਹਨ। ਵੈਸਟ ਮਿਡਲੈਂਡ ਪੁਲਸ ਦਾ ਕਹਿਣਾ ਹੈ ਕਿ ਇਨ੍ਹਾਂ ਗ੍ਰਿਫਤਾਰੀਆਂ ਦਾ ਸੰਬੰਧ ਸਤੰਬਰ 2018 'ਚ ਕੀਤੀ ਛਾਪੇਮਾਰੀ ਦੌਰਾਨ ਮਿਲੇ ਸਬੂਤਾਂ ਨਾਲ ਹੈ। ਪੁਲਸ ਅਨੁਸਾਰ ਬਰਮਿੰਘਮ ਤੋਂ ਗ੍ਰਿਫਤਾਰ ਕੀਤੇ ਉਕਤ ਦੋਵਾਂ ਲੋਕਾਂ ਤੋਂ ਚੈਰੀਟੇਬਲ ਫੰਡ ਦੇ ਘਪਲੇ ਦੇ ਸੰਬੰਧ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਸ ਜੋੜੇ ਨੂੰ ਵੈਸਟ ਮਿਡਲੈਂਡ ਥਾਣੇ ਵਿੱਚ ਰੱਖਿਆ ਗਿਆ ਹੈ। ਵੈਸਟ ਮਿਡਲੈਂਡ ਅਤਵਾਦ ਰੋਕੂ ਯੂਨਿਟ ਅਤੇ ਚੈਰਿਟੀ ਕਮਿਸ਼ਨ ਵੱਲੋਂ ਮਿਲ ਕੇ ਜਾਂਚ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਬੀਤੇ ਸਾਲ ਵੈਸਟ ਮਿਡਲੈਂਡ ਪੁਲਸ ਨੇ ਸਾਊਥਾਲ, ਬਰਮਿੰਘਮ, ਕਵੈਂਟਰੀ ਆਦਿ ਸ਼ਹਿਰਾਂ 'ਚ ਵੱਡੀ ਕਾਰਵਾਈ ਕੀਤੀ ਅਤੇ ਛੇ ਸਿੱਖਾਂ ਦੇ ਘਰਾਂ ਵਿੱਚ ਛਾਪੇ ਮਾਰੀ ਕੀਤੀ ਸੀ। ਇਸ ਦਾ ਸਿੱਖ ਹਲਕਿਆਂ ਵਿੱਚ ਇਸ ਦਾ ਵੱਡਾ ਵਿਰੋਧ ਹੋਇਆ ਸੀ ਅਤੇ ਪੁਲਸ 'ਤੇ ਦੋਸ਼ ਲਾਇਆ ਗਿਆ ਸੀ ਕਿ ਇਹ ਛਾਪੇਮਾਰੀ ਭਾਰਤ ਦੇ ਇਸ਼ਾਰੇ 'ਤੇ ਕੀਤੀ ਹੈ ਅਤੇ ਵਿਦੇਸ਼ਾਂ 'ਚ ਬੈਠੇ ਸਿੱਖਾਂ ਨੂੰ ਤੰਗ ਕੀਤਾ ਜਾ ਰਿਹਾ ਹੈ।

# ਦੁਬਈ ਦੇ ਹਵਾਈ ਅੱਡਿਆਂ ਉੱਤੇ ਅੱਗੇ ਤੋਂ ਭਾਰਤੀ ਰੁਪਈਆ ਵੀ ਚੱਲੇਗਾ

ਦੁਬਈ, 4 ਜੁਲਾਈ (ਪੋਸਟ ਬਿਊਰੋ)- ਯੂ ਏ ਈ ਤੋਂ ਭਾਰਤੀਆਂ ਲਈ ਚੰਗੀ ਖਬਰ ਹੈ। ਇਥੋਂ ਦੇ ਮਸ਼ਹੂਰ ਅਖਬਾਰ ਮੁਤਾਬਕ ਦੇ ਮੁਤਾਬਕ ਅੱਗੇ ਤੋਂ ਦੁਬਈ ਦੇ ਹਵਾਈ ਅੱਡਿਆਂ ਉੱਤੇ ਭਾਰਤੀ ਰੁਪਏ ਵਿਚ ਲੈਣ-ਦੇਣ ਕੀਤਾ ਜਾ ਸਕੇਗਾ।

ਜਾਣਕਾਰ ਸੂਤਰਾਂ ਮੁਤਾਬਕ ਭਾਰਤੀ ਕਰੰਸੀ ਨੂੰ ਲੈਣ-ਦੇਣ ਲਈ ਪ੍ਰਵਾਨ ਕੀਤੇ ਜਾਣਾ ਭਾਰਤ ਤੋਂ ਆਉਂਦੇ ਟੂਰਿਸਟਾਂ ਲਈ ਚੰਗੀ ਖਬਰ ਹੈ, ਕਿਉਂਕਿ ਉਨ੍ਹਾਂ ਨੂੰ ਰੁਪਏ ਕਿਸੇ ਹੋਰ ਕਰੰਸੀ ਵਿੱਚ ਤਬਦੀਲ ਨਹੀਂ ਕਰਾਉਣੇ ਪੈਣਗੇ। ਪਹਿਲਾਂ ਏਦਾਂ ਕਰਨ ਸਮੇਂ ਉਨ੍ਹਾਂ ਨੂੰ ਆਪਣੀ ਰਕਮ ਦਾ ਵੱਡਾ ਹਿੱਸਾ ਗਵਾਉਣਾ ਪੈਂਦਾ ਸੀ। 'ਗਲਫ ਨਿਊਜ਼' ਦੀ ਖਬਰ ਮੁਤਾਬਕ ਭਾਰਤ ਦੀ ਕਰੰਸੀ ਦੁਬਈ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਤਿੰਨੇ ਟਰਮੀਨਲਾਂ ਅਤੇ ਅਲ ਮਖਤੂਮ ਹਵਾਈ ਅੱਡੇ ਉੱਤੇ ਸਵੀਕਾਰ ਯੋਗ ਹੈ। ਹਵਾਈ ਅੱਡੇ ਉੱਤੇ ਡਿਊਟੀ ਫਰੀ ਦੁਕਾਨ ਦੇ ਇਕ ਕਾਰਿੰਦੇ ਨੇ ਅਖਬਾਰ ਨੂੰ ਦਸਿਆ: ਅਸੀਂ ਭਾਰਤੀ ਰੁਪਈਆ ਲੈਣਾ ਸ਼ੁਰੂ ਕਰ ਦਿਤਾ ਹੈ। ਇਸ ਖਬਰ ਵਿਚ ਕਿਹਾ ਗਿਆ ਕਿ ਪਿਛਲੇ ਸਾਲ ਦੁਬਈ ਹਵਾਈ ਅੱਡੇ ਤੋਂ ਲੱਗਭਗ 9 ਕਰੋੜ ਯਾਤਰੀ ਲੰਘੇ ਤਾਂ ਇਨ੍ਹਾਂ ਵਿਚ 1.22 ਕਰੋੜ ਭਾਰਤੀ ਸਨ। ਭਾਰਤੀ ਲੋਕਾਂ ਨੂੰ ਇਸ ਤੋਂ ਪਹਿਲਾਂ ਦੁਬਈ ਹਵਾਈ ਅੱਡੇ ਉੱਤੇ ਡਿਊਟੀ ਫਰੀ ਦੁਕਾਨਾਂ ਤੋਂ ਖਰੀਦਦਾਰੀ ਲਈ ਸਾਮਾਨ ਦੇ ਪੈਸੇ ਡਾਲਰ, ਦੀਰਾਮ ਜਾਂ ਯੂਰੋ ਵਿਚ ਦੇਣੇ ਪੈਂਦੇ ਸਨ। ਖਬਰ ਦੇ ਮੁਤਾਬਕ ਰੁਪਈਆ ਡਿਊਟੀ ਫਰੀ ਦੁਕਾਨਾਂ ਉੱਤੇ ਸਵੀਕਾਰ ਕੀਤੀ ਜਾਣ ਵਾਲੀ 16ਵੀਂ ਕਰੰਸੀ ਬਣ ਗਿਆ ਹੈ। ਦਸੰਬਰ 1983 ਵਿਚ ਦੂਜੀਆਂ ਕਰੰਸੀਆਂ ਨੂੰ ਸਵੀਕਾਰ ਕਰਨ ਦੀ ਸ਼ੁਰੂਆਤ ਹੋਈ ਸੀ।


Honesty, Reliability, Commitment
Hira Randhawa
Broker
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$634,900 — Sandalwood & Conestoga: Stunning Detached Home With Single Car Garage, 3 Bedroom, 2 Washrooms, Fully Renovated Top To Bottom To Thousands Spent On Renovation, Nestled On A Quiet, Family Friendly Street Close To Park, School, Hwy 410, Shopping, School & Other Amenities.

$729,900 — Dixie/Octillo: Immaculate 3 Bedroom Semi With 1 Br Fin Basement On A 30 Ft Lot . Hardwood Flooring (No Carpet In Entire House), Separate Living/Family, Eat-In-Kitchen, 2 Full Washrooms On 2nd Floor, Extended Driveway ,Concrete Work On Side And Backyard And Much More!

$739,913 — Charleston Side Rd/Main St.: Detached Home On Well Landscaped. Huge Corner Lot W/Private Backyard In Historic Town Of Alton With Finished Double Car Garage. 3 Bedroom Upstairs, 2 Full Washrooms W/4 Pc Bath, Master Bedroom, New Roof 2018 & etc.

$775,000 — Charolais/Chinguacousy Rd: Renovated Bungalow, 3 Good Size Bedrooms Plus Den + 2 Bed Finished Basement W/Separate Entrance With Appliances, New Upgraded Kitchen + 3 Newly Renovated Bathrooms + New Hardwood Floors Very Close To Hwy, etc.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

MICHELIN · HANKOOK · Continental · ROADLUX · BFGoodrich · AEOLUS · COMPASAL · Chevron Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਖਾਲੜਾ ਕੇਸ ਵਿੱਚ ਸਾਬਕਾ ਡੀ ਐਸ ਪੀ ਦੀ ਰਿਹਾਈ ਉੱਤੇ ਰੋਕ

ਚੰਡੀਗੜ੍ਹ, 4 ਜੁਲਾਈ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਵੀਜ਼ਨ ਬੈਂਚ ਨੇ ਮਨੁੱਖੀ ਹੱਕਾਂ ਬਾਰੇ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਅਗਵਾ ਤੇ ਗੁੰਮਸ਼ੁਦਗੀ ਮਾਮਲੇ ਵਿੱਚ ਸਾਬਕਾ ਡੀ ਐੱਸ ਪੀ ਜਸਪਾਲ ਸਿੰਘ ਨੂੰ ਛੇ ਮਹੀਨੇ ਪਹਿਲਾਂ ਪੈਰੋਲ ਉਤੇ ਰਿਹਾਅ ਕਰਨ ਬਾਰੇ ਆਪਣੇ ਸਿੰਗਲ ਬੈਂਚ ਦੇ ਹੁਕਮਾਂ ਉੱਤੇ ਰੋਕ ਲਾ ਦਿੱਤੀ ਹੈ।

ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੇ ਬੈਂਚ ਨੇ ਇਹ ਰੋਕ ਪਰਮਜੀਤ ਕੌਰ ਖਾਲੜਾ ਵੱਲੋਂ ਦਾਖਲ ਪਟੀਸ਼ਨ ਉੱਤੇ ਲਾਈ ਹੈ। ਕੇਸ ਦੀ ਅਗਲੀ ਸੁਣਵਾਈ 17 ਸਤੰਬਰ ਨੂੰ ਹੋਵੇਗੀ। ਸਾਬਕਾ ਡੀ ਐੱਸ ਪੀ ਜਸਪਾਲ ਸਿੰਘ ਨੂੰ ਅਕਾਲੀ ਦਲ ਦੇ ਮਨੁੱਖੀ ਹੱਕਾਂ ਬਾਰੇ ਵਿੰਗ ਦੇ ਜਨਰਲ ਸਕੱਤਰ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਗਾਇਬ ਕਰਨ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਕੇਸ ਦੀ ਜਾਂਚ ਸੀ ਬੀ ਆਈ ਨੇ ਕੀਤੀ ਸੀ। ਪਟਿਆਲਾ ਦੇ ਵਧੀਕ ਸੈਸ਼ਨ ਜੱਜ ਨੇ ਨਵੰਬਰ 2005 ਵਿੱਚ ਜਸਪਾਲ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਜਸਪਾਲ ਸਿੰਘ ਨੇ ਸਮੇਂ ਤੋਂ ਪਹਿਲਾਂ ਰਿਹਾਈ ਦੀ ਅਪੀਲ ਸਰਕਾਰ ਵੱਲੋਂ ਪੈਂਡਿੰਗ ਹੋਣ ਦੇ ਖਿਲਾਫ ਹਾਈ ਕੋਰਟ ਦੇ ਸਿੰਗਲ ਬੈਂਚ ਕੋਲ ਪਹੁੰਚ ਕੀਤੀ ਸੀ। ਪੰਜਾਬ ਸਰਕਾਰ ਨੇ ਉਦੋਂ ਜਸਪਾਲ ਸਿੰਘ ਦੀ ਅਰਜ਼ੀ ਨੂੰ ਪੈਂਡਿੰਗ ਰੱਖਣ ਪਿੱਛੇ ਤਰਕ ਦਿੱਤਾ ਕਿ ਸੀ ਬੀ ਆਈ ਵੱਲੋਂ ਪੜਤਾਲ ਕੀਤੇ ਕੇਸਾਂ ਵਿੱਚ ਦੋਸ਼ੀ ਦੀ ਰਿਹਾਈ ਦੇ ਫੈਸਲੇ ਲਈ ਕੇਂਦਰ ਸਰਕਾਰ ਦੀ ਸਹਿਮਤੀ ਲਾਜ਼ਮੀ ਹੈ।

# ਮੱਧ ਪ੍ਰਦੇਸ਼ ਦੇ ਉਜੈਨ ਵਿੱਚ ਵੀਹ ਕਰੋੜੀ ਗੈਰ ਕਾਨੂੰਨੀ ਹੋਟਲ ਢਾਹ ਦਿੱਤਾ ਗਿਆ

ਉਜੈਨ, 4 ਜੁਲਾਈ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਉਜੈਨ 'ਚ ਨਗਰ ਨਿਗਮ ਨੇ ਨਾਜਾਇਜ਼ ਢੰਗ ਬਣੇ ਹੋਟਲ ਖਿਲਾਫ ਵੱਡੀ ਕਾਰਵਾਈ ਕਰ ਕੇ 20 ਕਰੋੜ ਦੀ ਲਾਗਤ ਨਾਲ ਬਣਾਇਆ ਇਹ ਹੋਟਲ ਢਾਹ ਦਿੱਤਾ ਹੈ। ਨਿਗਮ ਨੇ ਹੋਟਲ ਸ਼ਾਂਤੀ ਕਲਾਰਕ ਇਨ ਸੁਈਟਸ ਦੀ ਛੇ ਮੰਜ਼ਲਾ ਇਮਾਰਤ ਦੇ ਦੋ ਹਿੱਸੇ ਕੱਲ੍ਹ ਧਮਾਕਾ ਕਰ ਕੇ ਡੇਗ ਦਿੱਤੇ, ਜਿਸ ਦੇ ਬਾਅਦ ਹੋਟਲ ਦਾ ਇੱਕ ਹਿੱਸਾ ਬਚਿਆ ਹੈ, ਜਿਹੜਾ ਬਾਰਿਸ਼ ਕਾਰਨ ਨਹੀਂ ਡੇਗਿਆ ਗਿਆ। ਇਮਾਰਤ ਡੇਗਣ ਲਈ 27 ਪਿੱਲਰਾਂ 'ਚ 170 ਸੁਰਾਖ ਕਰ ਕੇ 34 ਕਿਲੋ ਬਾਰੂਦ ਲਾਇਆ ਗਿਆ ਸੀ। ਕਰੀਬ ਦੋ ਕਿਲੋਮੀਟਰ ਦੂਰ ਤੱਕ ਧਮਾਕਿਆਂ ਦੀ ਗੂੰਜ ਸੁਣਾਈ ਦਿੱਤੀ। ਇਮਾਰਤ ਡਿੱਗਣ ਨਾਲ ਉਠੀ ਧੂੜ ਦਾ ਗੁਬਾਰ ਇੱਕ ਕਿਲੋਮੀਟਰ ਦੂਰ ਤੱਕ ਦਿਖਾਈ ਦਿੱਤਾ। ਕਾਰਵਾਈ ਦੌਰਾਨ ਨੇੜਲੇ ਹੋਟਲ ਵਿਕਰਮਾਦਿੱਤਿਆ ਖਾਲੀ ਕਰਵਾਇਆ ਗਿਆ ਤੇ ਇੰਦੌਰ ਰੋਡ ਫੋਰਲੇਨ 'ਤੇ ਟਰੈਫਿਕ ਡਾਇਵਰਟ ਕਰ ਦਿੱਤੀ ਗਈ, ਤਾਂ ਜੋ ਕਿਸੇ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨਾ ਵਾਪਰੇ।


## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੁਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ

Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।

ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ

ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**


# ਸਾਬਕਾ ਮੁੱਖ ਮੰਤਰੀ ਦੀ ਯਾਦ ਵਿੱਚ ਇੰਡੀਆ ਇੰਟਰਨੈਸ਼ਨਲ ਸੈਂਟਰ ਬਣਾਉਣ ਨੂੰ ਪ੍ਰਵਾਨਗੀ

ਚੰਡੀਗੜ੍ਹ, 4 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਗਵਰਨਰ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਪੀ ਸਿੰਘ ਬਦਨੌਰ ਨੂੰ ਮਿਲ ਕੇ ਚੰਡੀਗੜ੍ਹ ਦੇ ਸੈਕਟਰ 42 ਵਿੱਚ ਬੇਅੰਤ ਸਿੰਘ ਯਾਦਗਾਰ ਅਤੇ ਚੰਡੀਗੜ੍ਹ ਸੈਂਟਰ ਆਫ ਪ੍ਰਫਾਰਮਿੰਗ ਐਂਡ ਵਿਜ਼ੂਅਲ ਆਰਟਸ ਦੇ ਮੌਜੂਦਾ ਸਥਾਨ ਉਪਰ ਇੰਡੀਆ ਇੰਟਰੈਸ਼ਨਲ ਸੈਂਟਰ (ਆਈ ਆਈ ਸੀ) ਬਣਾਉਣ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ।



ਇਸ ਬਾਰੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ, ਜਿਨ੍ਹਾਂ ਨੂੰ 1995 ਵਿੱਚ ਕਾਰ ਬੰਬ ਧਮਾਕੇ ਦੌਰਾਨ ਮਾਰ ਦਿੱਤਾ ਗਿਆ ਸੀ, ਦੇ ਪਰਵਾਰ ਨੂੰ ਇਸ ਸੈਂਟਰ ਬਾਰੇ ਕੋਈ ਇਤਰਾਜ਼ ਨਹੀਂ ਹੈ, ਜੇ ਇਸ ਯਾਦਗਾਰ ਦੀ ਮਰਿਆਦਾ ਬਣਾਈ ਰੱਖੀ ਜਾਵੇ। ਇਹ ਸੈਂਟਰ ਦਿੱਲੀ ਦੇ ਆਈ ਆਈ ਸੀ ਦੀ ਤਰਜ਼ ਉਤੇ ਵਿਕਸਿਤ ਕੀਤਾ ਜਾਵੇਗਾ ਤੇ ਇਸ ਨੂੰ ਬੇਅੰਤ ਸਿੰਘ ਇੰਡੀਆ ਇੰਟਰੈਸ਼ਨਲ ਸੈਂਟਰ ਦਾ ਨਾਂਅ ਦਿੱਤਾ ਜਾਵੇਗਾ। ਇਹ ਫੈਸਲਾ ਬੇਅੰਤ ਸਿੰਘ ਯਾਦਗਾਰ ਸੁਸਾਇਟੀ ਤੇ ਚੰਡੀਗੜ੍ਹ ਸੈਂਟਰ ਫਾਰ ਪ੍ਰਫਾਰਮਿੰਗ ਐਂਡ ਵਿਜ਼ੂਅਲ ਆਰਟਸ ਦੀ ਮੀਟਿੰਗ ਦੌਰਾਨ ਲਿਆ ਗਿਆ। ਇਸ ਵਿੱਚ ਪੰਜਾਬ ਤੇ ਚੰਡੀਗੜ੍ਹ ਦੇ ਹੋਰ ਨੁਮਾਇੰਦਿਆਂ ਦੇ ਨਾਲ ਗਵਰਨਰ ਅਤੇ ਮੁੱਖ ਮੰਤਰੀ ਵੀ ਸ਼ਾਮਲ ਹੋਏ। ਗਵਰਨਰ ਨੇ ਸੁਝਾਅ ਦਿੱਤਾ ਕਿ ਸੈਂਟਰ ਪੰਜਾਬ ਅਤੇ ਚੰਡੀਗੜ੍ਹ ਦੀ ਸਰਕਾਰ, ਪ੍ਰਸ਼ਾਸਨ ਤੋਂ ਆਜ਼ਾਦ ਹੋਵੇ। ਇਸ ਦੀ ਮੈਂਬਰਸ਼ਿਪ ਮੁਹਿੰਮ ਛੇਤੀ ਸ਼ੁਰੂ ਕੀਤੀ ਜਾਵੇਗੀ। ਇਹ ਯਾਦਗਾਰ ਬਣਾਉਣ ਦਾ ਫੈਸਲਾ ਬੇਅੰਤ ਸਿੰਘ ਦੇ ਕਤਲ ਤੋਂ ਕੁਝ ਮਹੀਨੇ ਬਾਅਦ ਹੀ 1996 ਵਿੱਚ ਲੈ ਲਿਆ ਗਿਆ ਸੀ। ਬੇਅੰਤ ਸਿੰਘ ਮੈਮੋਰੀਅਲ ਅਤੇ ਚੰਡੀਗੜ੍ਹ ਸੈਂਟਰ ਫਾਰ ਪ੍ਰਫਾਰਮਿੰਗ ਐਂਡ ਵਿਜ਼ੂਅਲ ਆਰਟਸ ਦੀ ਮੀਟਿੰਗ ਓਦੋਂ ਦੇ ਚੰਡੀਗੜ੍ਹ ਪ੍ਰਸ਼ਾਸਕ ਦੇ ਸਲਾਹਕਾਰ ਦੀ ਅਗਵਾਈ ਹੇਠ ਹੋਈ ਸੀ ਅਤੇ ਇਸ ਵਿੱਚ ਫੈਸਲਾ ਕੀਤਾ ਗਿਆ ਸੀ ਕਿ ਦੋ ਸੁਸਾਇਟੀਆਂ (ਇੱਕ ਬੇਅੰਤ ਸਿੰਘ ਮੈਮੋਰੀਅਲ ਤੇ ਦੂਜੀ ਚੰਡੀਗੜ੍ਹ ਸੈਂਟਰ ਫਾਰ ਪ੍ਰਫਾਰਮਿੰਗ ਐਂਡ ਵਿਜ਼ੂਅਲ ਆਰਟਸ) ਦੀ ਥਾਂ ਇੱਕੋ ਸੁਸਾਇਟੀ ਹੀ ਬਣਾਈ ਜਾਵੇ ਕਿਉਂਕਿ ਬੇਅੰਤ ਸਿੰਘ ਪ੍ਰਫਾਰਮਿੰਗ ਐਂਡ ਵਿਜ਼ੂਅਲ ਆਰਟਸ ਦੇ ਸਰਪ੍ਰਸਤ ਵੀ ਸਨ। ਕੱਲ੍ਹ ਦੀ ਇਸ ਮੀਟਿੰਗ ਵਿੱਚ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਵਾਰ ਦੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਵਿਧਾਇਕ ਗੁਰਕੀਰਤ ਸਿੰਘ ਕੋਟਲੀ ਅਤੇ ਤੇਜ ਪ੍ਰਕਾਸ਼ ਸਿੰਘ ਸ਼ਾਮਲ ਸਨ। ਚੰਡੀਗੜ੍ਹ ਇੰਡੀਆ ਇੰਟਰਨੈਸ਼ਨਲ ਸੈਂਟਰ ਬੇਅੰਤ ਸਿੰਘ ਯਾਦਗਾਰ ਦੇ ਨਾਲ ਹੀ ਵਿਕਸਿਤ ਕਰਨ ਦਾ ਪ੍ਰਸਤਾਵ ਹੈ, ਜਿਸ ਵਿੱਚ ਹੋਣ ਵਾਲੇ ਮੀਡੀਆ ਸੈਂਟਰ ਦਾ ਢਾਂਚਾ ਅਤੇ ਮੌਜੂਦਾ ਲਾਇਬਰੇਰੀ ਅਤੇ ਕਾਨਫਰੰਸ ਹਾਲ ਤਿਆਰ ਹੈ। ਮੀਡੀਆ ਸੈਂਟਰ ਦੀ ਇਮਾਰਤ ਦਾ ਨਵਾਂ ਨਾਮਕਰਨ ਕੀਤਾ ਜਾਵੇਗਾ, ਜਿਸ ਵਿੱਚ ਇੱਕ ਰੈਸਟੋਰੈਂਟ ਅਤੇ ਕੈਫੇਟੇਰੀਆ ਤੋਂ ਇਲਾਵਾ ਕਨਵੈਨਸ਼ਨਲ ਸੈਂਟਰ ਵੀ ਹੋਵੇਗਾ। ਇਹ ਮੈਮੋਰੀਅਲ-ਕਮ-ਇੰਟਰਨੈਸ਼ਨਲ ਸੈਂਟਰ ਦਾ ਹਿੱਸਾ ਹੋਣਗੇ।

# ਪੰਜਾਬੀ ਬੇਸ ਦੇ ਬੱਚਿਆਂ ਨੂੰ ਸਿਖਿਆ ਵਿਭਾਗ ਵੱਲੋਂ ਅੰਗਰੇਜ਼ੀ ਵੱਲ ਮੋੜਨ ਦਾ ਦੋਸ਼ ਲੱਗਾ

ਜਲੰਧਰ, 4 ਜੁਲਾਈ (ਪੋਸਟ ਬਿਊਰੋ)- ਸਿਖਿਆ ਵਿਭਾਗ ਕਈ ਵਾਰ ਅਜਿਹੇ ਆਦੇਸ਼ ਕੱਢਦਾ ਹੈ, ਜੋ ਵਿਦਿਆਰਥੀਆਂ ਤੇ ਮਾਪਿਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ। ਇਸ ਵਾਰ ਫਿਰ ਕੁਝ ਦਿਨ ਪਹਿਲਾਂ ਇੱਕ ਪੱਤਰ ਸਿਖਿਆ ਵਿਭਾਗ ਨੇ ਜਾਰੀ ਕੀਤਾ ਅਤੇ ਉਸ ਵਿੱਚ ਸੈਸ਼ਨ 2019-20 ਲਈ ਅੱਠ ਟਾਸਕ ਦੇ ਦਿੱਤੇ ਹਨ। ਇਸ 'ਚ ਐਨਰੋਲਮੈਂਟ ਵਧਾਉਣਾ, ਸਕੂਲਾਂ ਨੂੰ ਸਜਾਉਣਾ-ਸੰਵਾਰਨਾ, ਬੱਚਿਆਂ ਦੇ ਨਾਲ ਅੰਗਰੇਜ਼ੀ ਵਿੱਚ ਗੱਲ ਕਰਨਾ ਆਦਿ ਸ਼ਾਮਲ ਹਨ। ਇਨ੍ਹਾਂ 'ਚੋਂ ਹੀ ਇੱਕ ਟਾਸਕ ਹੈ ਛੇਵੀਂ ਕਲਾਸ ਤੋਂ ਬਾਅਦ ਵਾਲੇ ਸ਼ਹਿਰੀ ਖੇਤਰ ਦੇ ਸੱਠ ਫੀਸਦੀ ਬੱਚਿਆਂ ਨੂੰ ਪੇਂਡੂ ਖੇਤਰ ਦੇ ਚਾਲੀ ਫੀਸਦੀ ਬੱਚਿਆਂ ਨੂੰ ਅੰਗਰੇਜ਼ੀ ਮਧਿਅਮ ਨਾਲ ਜੋੜਿਆ ਜਾਏ।

ਵਿਭਾਗ ਵੱਲੋਂ ਜਾਰੀ ਕੀਤੇ ਗਏ ਪੱਤਰ ਵਿੱਚ ਕਿਸੇ ਦੇ ਵੀ ਅਧਿਕਾਰਕ ਦਸਖਤ ਨਹੀਂ, ਪਰ ਸੂਤਰ ਦੱਸਦੇ ਹਨ ਕਿ ਜ਼ਬਾਨੀ ਇਸ ਪੱਤਰ ਵਿੱਚ ਦਿੱਤੇ ਸਾਰੇ ਟਾਸਕ ਪੂਰੇ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਲਈ ਬੱਚਿਆਂ, ਮਾਪਿਆਂ ਅਤੇ ਅਧਿਆਪਕਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਿਆ ਪਿਆ ਹੈ। ਹਾਲਾਤ ਇਹ ਹੈ ਕਿ ਪੰਜਾਬੀ ਬੇਸ ਵਾਲੇ ਬਹੁਤੇ ਬੱਚੇ ਆਪਣਾ ਮਾਧਿਅਮ ਬਦਲ ਕੇ ਖੁਸ਼ ਨਹੀਂ, ਪਰ ਵਿਭਾਗੀ ਹੁਕਮਾਂ ਕਾਰਨ ਪ੍ਰਿੰਸੀਪਲ ਬੱਚਿਆਂ ਨੂੰ ਮਜਬੂਰ ਕਰਦੇ ਹਨ। ਜੇ ਮਜਬੂਰੀ ਵਿੱਚ ਇਨ੍ਹਾਂ ਬੱਚਿਆਂ ਨੇ ਅੰਗਰੇਜ਼ੀ ਮਾਧਿਅਮ ਅਪਣਾ ਲਿਆ ਤਾਂ ਕੀ ਉਹ ਸਾਇੰਸ-ਮੈਥ ਵਰਗੇ ਵਿਸ਼ਿਆਂ ਵਿੱਚ ਆਪਣੀ ਪਰਫਾਰਮੈਂਸ ਦਿਖਾ ਸਕਣਗੇ, ਇਸ ਬਾਰੇ ਕੋਈ ਨਹੀਂ ਜਾਣਦਾ।

ਕੁਝ ਸਕੂਲਾਂ ਵਿੱਚ ਬੱਚਿਆਂ ਦੇ ਮਾਤਾ-ਪਿਤਾ ਅੰਗਰੇਜ਼ੀ ਮੀਡੀਅਮ ਵਿੱਚ ਬੱਚਿਆਂ ਨੂੰ ਸ਼ਿਫਟ ਕਰਨ ਤੋਂ ਇਨਕਾਰ ਕਰ ਰਹੇ ਹਨ। ਸਿਖਿਆ ਮਾਹਰਾਂ ਤੇ ਮਾਪਿਆਂ ਦਾ ਕਹਿਣਾ ਹੈ ਕਿ ਅੰਗਰੇਜ਼ੀ ਮੀਡੀਅਮ ਪਹਿਲੀ ਕਲਾਸ ਤੋਂ ਸ਼ੁਰੂ ਕਰਨਾ ਚਾਹੀਦਾ ਹੈ ਅਤੇ ਇਸ ਦੀ ਮਰਜ਼ੀ ਵਿਦਿਆਰਥੀ ਅਤੇ ਮਾਪਿਆਂ ਦੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਕਿਹੜਾ ਮੀਡੀਅਮ ਲੈਣਾ ਹੈ। ਇਸ ਬਾਰੇ ਸਿਖਿਆ ਵਿਭਾਗ ਦੇ ਅਧਿਕਾਰੀ ਕਹਿੰਦੇ ਹਨ ਕਿ ਪ੍ਰਿੰਸੀਪਲ ਬੱਚਿਆਂ ਨੂੰ ਮੋਟੀਵੇਟ ਕਰ ਰਹੇ ਹਨ ਤੇ ਬੱਚੇ ਵੀ ਖੁਦ ਨੂੰ ਬਦਲ ਰਹੇ ਹਨ।

# ਇਸਰਾਈਲ ਦੀ ਕੰਪਨੀ ਨੇ ਸ਼ਰਾਬ ਦੀਆਂ ਬੋਤਲਾਂ ਉੱਤੇ ਗਾਂਧੀ ਦੀ ਫੋਟੋ ਲਾਉਣ ਦੀ ਮੁਆਫੀ ਮੰਗੀ

ਯਰੂਸ਼ਲਮ, 4 ਜੁਲਾਈ (ਪੋਸਟ ਬਿਊਰੋ)- ਸ਼ਰਾਬ ਦੀਆਂ ਬੋਤਲਾਂ 'ਤੇ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਲਾ ਕੇ ਵਿਵਾਦ ਵਿੱਚ ਆਈ ਇੱਕ ਇਸਰਾਈਲੀ ਕੰਪਨੀ ਨੇ ਭਾਰਤ ਸਰਕਾਰ ਤੇ ਉਸ ਦੇ ਨਾਗਰਿਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਨੂੰ ਲੈ ਕੇ ਉਨ੍ਹਾਂ ਤੋਂ ਮੁਆਫੀ ਮੰਗੀ ਹੈ।




ਇਸਰਾਈਲੀ ਕੰਪਨੀ ਦੀ ਸ਼ਰਾਬ ਦੀਆਂ ਬੋਤਲਾਂ ਉੱਤੇ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਲਾਏ ਜਾਣ 'ਤੇ ਨਵੀਂ ਦਿੱਲੀ ਵਿੱਚ ਰਾਜ ਸਭਾ ਮੈਂਬਰਾਂ ਨੇ ਚਿੰਤਾ ਪ੍ਰਗਟ ਕੀਤੀ ਸੀ। ਇਸ 'ਤੇ ਰਾਜ ਸਭਾ ਦੇ ਚੇਅਰਮੈਨ ਐਮ ਵੈਂਕਈਆ ਨਾਇਡੂ ਨੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੂੰ ਇਸ ਦੀ ਜਾਂਚ ਕਰਨ ਅਤੇ ਤੁਰੰਤ ਲੋੜੀਂਦੀ ਦਾ ਹੁਕਮ ਦਿੱਤਾ ਸੀ। ਮਾਕਾ ਬਰੇਵਰੀ ਕੰਪਨੀ ਦੇ ਬ੍ਰਾਂਡ ਮੈਨੇਜਰ ਗਿਲਾਡ ਡਰੋਰ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਾਕਾ ਬੀਅਰ ਭਾਰਤ ਸਰਕਾਰ ਅਤੇ ਉਸ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਬਾਰੇ ਉਨ੍ਹਾਂ ਤੋਂ ਤਹਿਦਿਲੋਂ ਮੁਆਫੀ ਮੰਗਦੀ ਹੈ। ਅਸੀਂ ਮਹਾਤਮਾ ਗਾਂਧੀ ਦਾ ਬੜਾ ਸਨਮਾਨ ਕਰਦੇ ਹਾਂ ਤੇ ਆਪਣੀਆਂ ਬੋਤਲਾਂ 'ਤੇ ਉਨ੍ਹਾਂ ਦੀਆਂ ਤਸਵੀਰਾਂ ਬਾਰੇ ਅਫਸੋਸ ਪ੍ਰਗਟ ਕਰਦੇ ਹਾਂ।


## ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

**647.898.4042/416.505.6857**

(Call from 9am to 6pm)






## Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਸਿੱਖ ਸੈਣੀ ਸਿਟੀਜਨ, ਉਮਰ 27 ਸਾਲ, ਕੱਦ 5 ਫੁੱਟ 6 ਇੰਚ, BSc Graduate, ਵਧੀਆ IT ਜੋਬ ਕਰਦੇ ਲੜਕੇ ਲਈ ਕੈਨੇਡੀਅਨ ਸਿਟੀਜਨ \ ਪੀ ਆਰ ਲੜਕੀ ਦੀ ਲੋੜ ਹੈ। ਕੈਨੇਡੀਅਨ ਸਿਟੀਜਨ ਨੂੰ ਪਹਿਲ। ਸੰਪਰਕ ਕਰੋ : 416-662-0730 ਜਾਂ ਫੇਰ ਈ-ਮੇਲ ਕਰੋ:sainig5@yahoo.ca

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804


Check our Free E-paper at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਨੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures. E -mail: matri.response2018@gmail. com 1 mnth

**Match needed for well settled 5'4", 46 yrs old. Doing Govt Job in India. Holding visitir visa of Canada. She has 14 yrs old son. Contact +91-7986385880**

ਸਿੱਧੂ ਗੁਰਸਿਖ, ਉਮਰ 33 ਸਾਲ, B.Sc Science,ਇੰਡੀਆ, ਲੁਧਿਆਣਾ ਵਿੱਚ ਅਧਿਆਪਕ ਦੀ ਜੋਬ ਕਰ ਰਹੀ ਲੜਕੀ ਲਈ ਲੜਕੇ ਦੀ ਲੋੜ ਹੈ। Divorcee ਤੇ ਵੀ ਗੋਰ ਕੀਤੀ ਜਾ ਸਕਦੀ ਹੈ; ਸੰਪਰਕ ਕਰੋ: 416-358-9294 । 204-583-3970 । 9815410050 1

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


## Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

## Cell n Tell Distribution Inc.

1-401 Traders Blvd E, Mississauga, ON

Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.

- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

## STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਮਾਰ-ਕੁੱਟ ਦੇ ਕੇਸ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਨੂੰ 6 ਮਹੀਨੇ ਦੀ ਕੈਦ

ਨਵੀਂ ਦਿੱਲੀ, 4 ਜੁਲਾਈ, (ਪੋਸਟ ਬਿਊਰੋ)- ਸਾਲ 2015 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਕ ਵਿਅਕਤੀ ਦੀ ਕੁੱਟ-ਮਾਰ ਕਰਨ ਦੇ ਕੇਸ ਵਿਚ ਰਾਊਜ਼ ਐਵੇਨਿਊ ਕੋਰਟ ਨੇ ਅੱਜ ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮਦੱਤ ਨੂੰ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਅਤੇ ਦੋ ਲੱਖ ਰੁਪਏ ਜੁਰਮਾਨਾ ਲਾਇਆ ਹੈ। ਪਿਛਲੀ ਸੁਣਵਾਈ ਵਿਚਵਿਧਾਇਕ ਨੂੰ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਸੀ ਤੇ ਵੀਰਵਾਰ ਨੂੰ ਸਜ਼ਾ ਸੁਣਾਈ



ਗਈ ਹੈ।

ਵਰਣਨ ਯੋਗ ਹੈ ਕਿ ਦਿੱਲੀ ਵਿਧਾਨ ਸਭਾ ਦੀਆਂ ਅਗਲੀਆਂ 2020 ਵਿਚ ਹੋ ਰਹੀਆਂ ਚੋਣਾਂ ਵਿੱਚ ਛੇ ਮਹੀਨੇ ਤੋਂ ਵੀ ਘੱਟ ਸਮਾਂ ਬਾਕੀ ਹੈ, ਇਸ ਮੌਕੇ ਇਸ ਸਜ਼ਾ ਨੂੰ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਲਈ ਝਟਕਾ ਮੰਨਿਆ ਜਾ ਰਿਹਾ ਹੈ।ਪਿਛਲੀ ਸੁਣਵਾਈ ਵਿਚਐਡੀਸ਼ਨਲ ਚੀਫ਼ ਮੈਟਰੋਪੋਲੀਟਨ ਮੈਜਿਸਟਰੇਟ ਨੇ ਸਦਰ ਬਾਜ਼ਾਰ ਵਿਧਾਨ ਸਭਾ ਹਲਕੇ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੋਮਦੱਤ ਨੂੰ ਧਾਰਾ 325 (ਕਿਸੇ ਨੂੰ ਗੰਭੀਰ ਜ਼ਖ਼ਮੀ ਕਰਨ), ਧਾਰਾ 147 (ਦੰਗਾ) ਕਰਨ ਦਾ ਦੋਸ਼ੀ ਠਹਿਰਾਇਆ ਸੀ।ਇਸ ਮੌਕੇ ਅਦਾਲਤ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ 10 ਜਨਵਰੀ 2015 ਦੀ ਰਾਤ ਕਰੀਬ ਅੱਠ ਵਜੇ ਸੋਮਦੱਤ ਆਪਣੇ 50 ਸਮਰਥਕਾਂ ਨਾਲ ਮਕਾਨ ਨੰਬਰ 13 ਵਿੱਚਗਏ ਸਨ, ਜਿੱਥੇ ਸ਼ਿਕਾਇਤਕਰਤਾ ਸੰਜੀਵ ਰਾਣਾ ਮੌਜੂਦ ਸਨ। ਸ਼ਿਕਾਇਤਕਰਤਾ ਨਾਲ ਦੋਸ਼ੀ ਤੇ ਉਸ ਦੇ ਸਮਰਥਕਾਂ ਨੇ ਮਾਰ-ਕੁੱਟ ਕੀਤੀ ਸੀ, ਜਿਸ ਵਿੱਚ ਉਸ ਨੂੰ ਗੰਭੀਰ ਸੱਟਾਂ ਲੱਗੀਆਂ ਸਨ। ਦੂਸਰੇ ਪਾਸੇ ਅਦਾਲਤ ਨੇ ਸ਼ਿਕਾਇਤਕਰਤਾ ਦੇ ਖ਼ਿਲਾਫ਼ ਵੀ ਇਸੇ ਝਗੜੇ ਦੇ ਸੰਬੰਧ ਵਿੱਚ ਦੋਸ਼ ਤੈਅ ਕੀਤੇ ਸਨ।

# ਸੋਨੀਆ ਗਾਂਧੀ ਨੇ ਕਿਹਾ: ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਸੰਕਟ 'ਚ ਪਾ ਰਹੀ ਹੈ ਸਰਕਾਰ

ਨਵੀਂ ਦਿੱਲੀ, 4 ਜੁਲਾਈ (ਪੋਸਟ ਬਿਊਰੋ)- ਯੂ ਪੀ ਏ ਗੱਠਜੋੜ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਕੱਲ੍ਹ ਪਾਰਲੀਮੈਂਟ ਵਿੱਚ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਸੰਕਟ ਵਿੱਚ ਪਾ ਰਹੀ ਹੈ। ਰਾਏਬਰੇਲੀ ਦੀ ਕੋਚ ਫੈਕਟਰੀ ਦੇ ਨਿੱਜੀਕਾਰਨ ਦਾ ਮੁੱਦਾ ਲੋਕ ਸਭਾ ਵਿੱਚ ਉਠਾਉਂਦੇ ਹੋਏ ਸੋਨੀਆ ਗਾਂਧੀ ਨੇ ਸਰਕਾਰ ਉੱਤੇ ਚੋਣਵੇਂ ਪੂੰਜੀਪਤੀਆਂ ਨੂੰ ਲਾਭ ਪਹੁੰਚਾਉਣ ਦਾ ਦੋਸ਼ ਲਾਇਆ ਤੇ ਕਿਹਾ ਕਿ ਇਸ ਕਾਰਨ ਸਰਕਾਰ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਇੱਕ ਨਵੇਂ ਸੰਕਟ ਵਿੱਚ ਪਾ ਰਹੀ ਹੈ। ਜ਼ੀਰੋ ਆਵਰ ਦੌਰਾਨ ਇਹ ਮੁੱਦਾ ਉਠਾਉਂਦਿਆਂ ਸੋਨੀਆ ਗਾਂਧੀ ਨੇ ਕਿਹਾ ਕਿ ਸਰਕਾਰ ਨੇ ਰੇਲਵੇ ਦੀਆਂ ਛੇ ਉਤਪਾਦਕ ਇਕਾਈਆਂ ਦਾ ਕੰਪਨੀਕਰਨ ਦਾ ਫੈਸਲਾ ਕੀਤਾ ਹੈ। ਇਸ ਵਿੱਚ ਰਾਏਬਰੇਲੀ ਦੀ ਮਾਡਰਨ ਰੇਲ ਕੋਚ ਫੈਕਟਰੀ ਸ਼ਾਮਲ ਹੈ। ਕੰਪਨੀਕਰਨ ਨਿੱਜੀਕਰਨ ਦੀ ਇੱਕ ਸ਼ੁਰੂਆਤ ਹੁੰਦੀ ਹੈ। ਇਹ ਦੇਸ਼ ਦੀ ਕੀਮਤੀ ਜਾਇਦਾਦ ਨੂੰ ਕੌਡੀਆਂ ਦੇ ਭਾਅ ਨਿੱਜੀ ਕੰਪਨੀਆਂ ਨੂੰ ਵੇਚਣ ਲਈ ਹੈ। ਇਸ ਕਾਰਨ ਹਜ਼ਾਰਾਂ ਲੋਕ ਬੇਰੋਜ਼ਗਾਰ ਹੋ ਜਾਣਗੇ। ਰਾਏਬਰੇਲੀ ਦੀ ਰੇਲ ਕੋਚ ਫੈਕਟਰੀ ਵਿੱਚ ਸਮਰੱਥਾ ਤੋਂ ਵੱਧ ਉਤਪਾਦਨ ਹੋ ਰਿਹਾ ਹੈ ਅਤੇ ਨਵੇਂ ਹਾਲਾਤ ਵਿੱਚ ਉਥੇ ਕੰਮ ਕਰਦੇ ਦੋ ਹਜ਼ਾਰ ਤੋਂ ਵੱਧ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦਾ ਭਵਿੱਖ ਸੰਕਟ ਵਿੱਚ ਹੈ। ਇਹ ਸਮਝ ਨਹੀਂ ਆ ਰਹੀ ਕਿ ਸਰਕਾਰ ਇਸ ਦਾ ਨਿੱਜੀਕਰਨ ਕਿਉਂ ਕਰਨਾ ਚਾਹੁੰਦੀ ਹੈ।

# ਬੱਚਿਆਂ ਵਿੱਚ ਵਿਗਿਆਨਕ ਸੋਚ ਪੈਦਾ ਕਰਨ ਲਈ ਪਿੰਡ ਤੂਤ ਵਿੱਚ ਸਾਇੰਸ ਪਾਰਕ

ਫਿਰੋਜ਼ਪੁਰ, 4 ਜੁਲਾਈ (ਗਿਆਨ ਸਿੰਘ): ਪਿੰਡ ਤੂਤ ਦੇ ਸਰਕਾਰੀ ਹਾਈ ਸਕੂਲ ਦੇ ਬੱਚਿਆਂ ਵਿੱਚ ਵਿਗਿਆਨਿਕ ਸੋਚ ਪੈਦਾ ਕਰਨ ਦੇ ਮਕਸਦ ਨਾਲ ਤਿਆਰ ਕੀਤੇ ਗਏ ਸਾਇੰਸ ਪਾਰਕ ਦਾ ਉਦਘਾਟਨ ਡਿਪਟੀ ਕਮਿਸ਼ਨਰ ਚੰਦਰ ਗੈਂਦ ਨੇ ਕੀਤਾ।



ਇਸ ਪਾਰਕ ਵਿੱਚ ਸਾਇੰਸ ਨਾਲ ਜੁੜੇ ਸਾਰੇ ਵਿਸ਼ਿਆਂ ਜਿਵੇਂ ਕਿ ਫਿਜ਼ੀਕਸ, ਕੈਮਿਸਟਰੀ, ਬਾਇਉਲੋਜੀ, ਜੀਓਲੋਜੀ, ਸਪੇਸ ਸਾਇੰਸ, ਰਾਕੇਟ ਸਾਇੰਸ ਆਦਿ ਤੇ ਆਧਾਰਿਤ ਵਰਕਿੰਗ ਮਾਡਲ ਲਗਾਏ ਗਏ। ਬੱਚੇ ਇਨ੍ਹਾਂ ਮਾਡਲਾਂ ਦੇ ਜਰੀਏ ਸਾਇੰਸ ਦੀਆਂ ਬਾਰੀਕੀਆਂ ਨੂੰ ਆਸਾਨੀ ਨਾਲ ਸਮਝ ਸਕਦੇ ਹਨ।

ਪਾਰਕ ਤਿਆਰ ਕਰਨ ਵਾਲੇ ਸਕੂਲ ਇੰਚਾਰਜ ਸਟੇਟ ਐਵਾਰਡੀ ਜਸਵੀਰ ਸਿੰਘ ਨੇ ਦੱਸਿਆ ਕਿ ਇਸ ਪਾਰਕ ਵਿੱਚ ਕਈ ਅਹਿਮ ਵਿਸ਼ਿਆਂ ਤੇ ਮਾਡਲਜ਼ ਲਗਾਏ ਗਏ ਹਨ। ਜਿਵੇਂ ਕਿ ਸਾਡਾ ਸੌਰ ਮੰਡਲ ਕੀ ਹੈ? ਗ੍ਰਹਿਣ ਕਿਵੇਂ ਲੱਗਦਾ ਹੈ? ਡੈਮ ਵਿੱਚ ਬਿਜਲੀ ਕਿਵੇਂ ਬਣਦੀ ਹੈ? ਮਿਜ਼ਾਈਲ ਕੀ ਹੁੰਦੀ ਹੈ? ਇਹ ਕਿਵੇਂ ਕੰਮ ਕਰਦੀ ਹੈ, ਬਾਇਓ ਗੈਸ ਕਿਵੇਂ ਤਿਆਰ ਹੁੰਦੀ ਹੈ, ਸੈਟੇਲਾਈਟ ਕੀ ਹੈ ਅਤੇ ਬ੍ਰਹਿਮੰਡ ਵਿੱਚ ਕਿਵੇਂ ਕੰਮ ਕਰਦੀ ਹੈ, ਕਿਹੜੀਆਂ ਸਬਜ਼ੀਆਂ ਵਿੱਚ ਕਿਹੜੇ ਕਿਹੜੇ ਵਿਟਾਮਿਨ ਅਤੇ ਮਿਨੀਰਲਜ਼ ਹੁੰਦੇ ਹਨ, ਇਸ ਵਿਟਾਮਿਨ ਦੀ ਕਮੀ ਨਾਲ ਕਿਹੜੀ ਬਿਮਾਰੀ ਹੋ ਸਕਦੀ ਹੈ? ਇਹ ਸਾਰੀਆਂ ਚੀਜ਼ਾਂ ਪਾਰਕ ਵਿੱਚ ਮੌਜੂਦ ਹਨ ਤਾਂ ਜੋ ਬੱਚੇ ਰੋਜ਼ਾਨਾ ਅਧਿਐਨ ਦੇ ਜਰੀਏ ਇਸ ਦੇ ਬਾਰੇ ਵਿੱਚ ਸਾਰੀ ਜਾਣਕਾਰੀ ਹਾਸਲ ਕਰ ਸਕਣ ਅਤੇ ਸਾਇੰਸ ਦੇ ਖੇਤਰ ਵਿੱਚ ਹੋਰ ਵੀ ਵਧੀਆ ਭੂਮਿਕਾ ਨਿਭਾ ਸਕਣ।



ਡਿਪਟੀ ਕਮਿਸ਼ਨਰ ਨੇ ਸਾਇੰਸ ਪਾਰਕ ਦਾ ਮੁਆਇਨਾ ਕਰਨ ਦੇ ਬਾਅਦ ਸਕੂਲ ਇੰਚਾਰਜ ਸਟੇਟ ਐਵਾਰਡੀ ਜਸਵੀਰ ਸਿੰਘ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਅਧਿਆਪਕ ਨਾ ਸਿਰਫ਼ ਬੱਚਿਆਂ ਨੂੰ ਅੱਗੇ ਲੈ ਜਾਂਦੇ ਹਨ ਬਲਕਿ ਪੂਰੇ ਸ਼ਹਿਰ ਦਾ ਨਾਮ ਰਾਸ਼ਟਰੀ-ਅੰਤਰਰਾਸਟਰੀ ਪੱਧਰ ਤੇ ਰੌਸ਼ਨ ਕਰਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਸਾਰਾ ਪ੍ਰਾਜੈਕਟ ਸਕੂਲ ਇੰਚਾਰਜ ਜਸਵੀਰ ਸਿੰਘ ਨੇ ਖ਼ੁਦ ਤਿਆਰ ਕੀਤਾ ਅਤੇ ਇਸ ਦਾ ਸਾਰਾ ਖ਼ਰਚ ਵੀ ਖ਼ੁਦ ਕੀਤਾ , ਜਿਸ ਦੀ ਤਾਰੀਫ਼ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਕਿਹਾ ਕਿ ਇਹ ਸਾਇੰਸ ਪਾਰਕ ਬੱਚਿਆਂ ਵਿੱਚ ਵਿ-ਗਆਨਕ ਸੋਚ ਪੈਦਾ ਕਰੇਗਾ ਅਤੇ ਉਨ੍ਹਾਂ ਨੂੰ ਸਾਇੰਸ ਦੀਆਂ ਬਾਰੀਕੀਆਂ ਨੂੰ ਆਸਾਨੀ ਨਾਲ ਸਮਝਣ ਵਿੱਚ ਮਦਦ ਕਰੇਗਾ।

ਸਾਇੰਸ ਪਾਰਕ ਦੇ ਉਦਘਾਟਨ ਦੇ ਬਾਅਦ ਡਿਪਟੀ ਕਮਿਸ਼ਨਰ ਨੇ ਸਕੂਲ ਦੇ ਵਿਹੜੇ ਵਿੱਚ ਪੌਦੇ ਲਗਾਏ ਅਤੇ ਬੱਚਿਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਸਕੂਲ ਦੀ ਹੈਂਡਬਾਲ ਟੀਮ ਦੀਆਂ ਖਿਡਾਰਣਾਂ ਦੇ ਨਾਲ ਇੱਕ ਖ਼ਾਸ ਮੁਲਾਕਾਤ ਕੀਤੀ। ਖੇਡ ਮੈਦਾਨ ਵਿੱਚ ਪਹੁੰਚ ਕੇ ਉਹ ਟੀਮ ਦੀਆਂ ਖਿਡਾਰਣਾਂ ਨਾਲ ਮਿਲੇ ਅਤੇ ਉਨ੍ਹਾਂ ਨਾਲ ਨਸ਼ਿਆਂ ਦੇ ਮੁੱਦੇ ਤੇ ਗੱਲਬਾਤ ਕੀਤੀ। ਉਨ੍ਹਾਂ ਨੇ ਨਸ਼ੇ ਦੀ ਸਮੱਸਿਆ, ਇਸ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ, ਸਮਾਜ ਤੇ ਪੈਣ ਵਾਲੇ ਅਸਰ ਅਤੇ ਇਸ ਬੁਰਾਈ ਨੂੰ ਰੋਕਣ ਲਈ ਕੀ ਕੀਤਾ ਜਾਵੇ, ਇਸ ਬਾਰੇ ਵਿੱਚ ਚਰਚਾ ਕੀਤੀ।

# ਮਾਤਾ-ਪਿਤਾ ਨੂੰ ਛੱਡਣ ਵਾਲਿਆਂ ਨੂੰ ਛੇ ਮਹੀਨੇ ਜੇਲ੍ਹ ਵਿੱਚ ਰੱਖਣ ਦੀ ਤਜਵੀਜ਼

ਨਵੀਂ ਦਿੱਲੀ, 4 ਜੁਲਾਈ (ਪੋਸਟ ਬਿਊਰੋ)- ਬਜ਼ੁਰਗ ਮਾਤਾ-ਪਿਤਾ ਨੂੰ ਛੱਡਣ ਵਾਲਿਆਂ ਲਈ ਜੁਰਮਾਨਾ ਤੇ ਜੇਲ੍ਹ ਦੀ ਸਜ਼ਾ ਦੀ ਮਿਆਦ ਵਧਾ ਕੇ ਬਜ਼ੁਰਗਾਂ ਦੀ ਸੁਰੱਖਿਆ ਦੇ ਭਲੇ ਦੇ ਕਾਨੂੰਨ ਨੂੰ ਮਜ਼ਬੂਤ ਕਰਨਾ ਸਮਾਜਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਦੀ ਚੋਟੀ ਦੀ ਪਹਿਲ ਵਿੱਚ ਸ਼ਾਮਲ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਕੱਲ੍ਹ ਦੱਸਿਆ ਕਿ ਇਸ ਸੰਬੰਧੀ ਬਣੇ ਇੱਕ ਕਾਨੂੰਨ ਅਧੀਨ ਮੰਤਰਾਲਾ ਨੇ ਆਪਣੇ ਬਜ਼ੁਰਗ ਮਾਪਿਆਂ ਨੂੰ ਛੱਡਣ ਜਾਂ ਉਨ੍ਹਾਂ ਨਾਲ ਮਾੜਾ ਵਤੀਰਾ ਅਪਣਾਉਣ ਵਾਲੇ ਬੱਚਿਆਂ ਲਈ ਮੌਜੂਦਾ ਤਿੰਨ ਮਹੀਨੇ ਜੇਲ੍ਹ ਦੀ ਸਜ਼ਾ ਨੂੰ ਵਧਾ ਕੇ ਛੇ ਮਹੀਨੇ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਸ ਵਿੱਚ ਸੁਧਾਰ ਲਈ ਮੰਤਰਾਲਾ ਜਲਦੀ ਹੀ ਮੰਤਰੀ ਕੋਲ ਮਤਾ ਪੇਸ਼ ਕਰੇਗਾ। ਮੰਤਰਾਲਾ ਨੇ ਬੱਚਿਆਂ ਦੀ ਪਰਿਭਾਸ਼ਾ ਦਾ ਘੇਰਾ ਵਧਾ ਕੇ ਗੋਦ ਲਏ ਪੁੱਤਰ, ਪੁੱਤਰੀ ਜਾਂ ਮਤਰੇਏ ਬੱਚੇ, ਜਵਾਈ, ਨੂੰਹ, ਪੋਤਰੇ-ਪੋਤਰੀਆਂ, ਦੋਹਤੇ-ਦੋਹਤੀਆਂ ਅਤੇ ਆਪਣੇ ਕਾਨੂੰਨੀ ਮਾਲਕਾਂ ਰਾਹੀਂ ਪਾਲੇ ਗਏ ਨਾਬਾਲਗ ਬੱਚਿਆਂ ਨੂੰ ਵੀ ਸ਼ਾਮਲ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਹੈ। ਮੌਜੂਦਾ ਸਮੇਂ ਵਿੱਚ ਬੱਚਿਆਂ ਦੀ ਪਰਿਭਾਸ਼ਾ ਵਿੱਚ ਸਿਰਫ ਮਾਤਾ-ਪਿਤਾ ਦੀ ਔਲਾਦ ਅਤੇ ਪੋਤਰੇ-ਪੋਤਰੀਆਂ ਅਤੇ ਦੋਹਤੇ-ਦੋਹਤੀਆਂ ਹੀ ਆਉਂਦੇ ਹਨ।

## ਕਾਨੂੰਨੀ ਨੋਟਿਸ

This is a Notice of Proceedings for Jalwinder Singh Sidhu . A legal proceeding has been commenced against you with court file no: 122/19. You must contact the lawyer for the Applicant Guruveent Sangha at 905-497-7200 or the courthouse at 7755 Hurontario Street, Brampton, ON immediately if you wish to file an answer/defend yourself in this proceeding. Should you fail to do so orders may be made against you in your absence and without any further notice.

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੂਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ,ਬਰੈਂਪਟਨ,ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

# ਭਾਰਤ ਦੇ ਬਣੇ ਤੇਜਸ ਲੜਾਕੂ ਜਹਾਜ਼ ਦਾ ਫਿਊਲ ਟੈਂਕ ਡਿੱਗਿਆ

ਕੋਇੰਬਟੂਰ, 4 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਬਣਾਏ ਗਏ ਲੜਾਕੂ ਜਹਾਜ਼ ਤੇਜਸ ਦਾ ਫਿਊਲ ਟੈਂਕ ਫਲਾਈਟ ਦੇ ਦੌਰਾਨ ਕੱਲ੍ਹ ਸਵੇਰੇ ਤਾਮਿਲ ਨਾਡੂ ਦੇ ਕੋਇੰਬਟੂਰ ਸ਼ਹਿਰ ਦੇ ਬਾਹਰ ਇੱਕ ਖੇਤ ਵਿੱਚ ਡਿੱਗ ਪਿਆ। ਇਸ ਹਾਦਸੇ ਵਿੱਚ ਕੋਈ ਜ਼ਖਮੀ ਨਹੀਂ ਹੋਇਆ। ਹਵਾਈ ਫੌਜ ਦੇ ਇੱਕ ਅਧਿਕਾਰੀ ਮੁਤਾਬਕ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲਸ ਅਧਿਕਾਰੀਆਂ ਨੇ ਕਿਹਾ ਕਿ 1200 ਲੀਟਰ ਦਾ ਫਿਊਲ ਟੈਂਕ ਅਸਮਾਨ ਤੋਂ ਡਿੱਗਦਾ ਦੇਖ ਕੇ ਖੇਤ ਵਿਚਾਲੇ ਕੰਮ ਕਰਦੇ ਮਜ਼ਦੂਰ ਹੈਰਾਨ ਰਹਿ ਗਏ। ਇਹ ਫਿਊਲ ਟੈਂਕ ਡਿੱਗਣ ਨਾਲ ਖੇਤਾਂ ਵਿੱਚ ਤਿੰਨ ਫੁੱਟ ਡੂੰਘਾ ਖੱਡਾ ਬਣ ਗਿਆ ਅਤੇ ਮਾਮੂਲੀ ਅੱਗ ਵੀ ਲੱਗ ਗਈ। ਉਨ੍ਹਾਂ ਕਿਹਾ ਕਿ ਭਾਰਤੀ ਹਵਾਈ ਫੌਜ ਅਤੇ ਪੁਲਸ ਦੇ ਅਧਿਕਾਰੀ ਮੌਕੇ ਉਤੇ ਪਹੁੰਚੇ ਤੇ ਸਥਿਤੀ ਦਾ ਜਾਇਜ਼ਾ ਲਿਆ। ਹਵਾਈ ਫੌਜ ਨੇ ਇੱਕ ਬਿਆਨ ਵਿੱਚ ਕਿਹਾ, ਕੱਲ੍ਹ ਸਵੇਰੇ ਕੋਇੰਬਟੂਰ ਦੇ ਕਰੀਬ ਸੁਲੂਰ ਏਅਰਬੇਸ ਤੋਂ ਸਾਧਾਰਨ ਟਰੇਨਿੰਗ ਲਈ ਉਡਾਣ ਭਰਨ ਤੋਂ ਬਾਅਦ ਤੇਜਸ ਦਾ ਇੱਕ ਫਿਊਲ ਟੈਂਕ ਡਿੱਗ ਗਿਆ ਸੀ, ਪਰ ਇਸ ਹਾਦਸੇ ਤੋਂ ਬਾਅਦ ਜਹਾਜ਼ ਨੇ ਵਾਪਸ ਸੁਰੱਖਿਅਤ ਲੈਂਡਿੰਗ ਕਰ ਲਈ। ਕਿਸੇ ਵੀ ਤਰ੍ਹਾਂ ਦੇ ਕੋਈ ਨੁਕਸਾਨ ਦੀ ਸੂਚਨਾ ਨਹੀਂ ਹੈ। ਇਸ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਤੇਜਸ ਸੁਪਰਸੋਨਿਕ, ਇੱਕ ਸੀਟ ਤੇ ਇੱਕ ਇੰਜਣ ਵਾਲਾ ਬਹੁ-ਉਦੇਸ਼ੀ ਹਲਕਾ ਲੜਾਕੂ ਜਹਾਜ਼ ਹੈ। ਇਸ ਨੂੰ ਸਾਲ 1983 ਵਿੱਚ ਸਰਕਾਰੀ ਕੰਪਨੀ ਹਿੰਦੁਸਤਾਨ ਏਅਰੋਨਾਟਿਕਸ ਨੇ ਬਣਾਇਆ ਅਤੇ ਇਸ ਨੂੰ ਇੱਕ ਜੁਲਾਈ 2016 ਨੂੰ ਭਾਰਤੀ ਹਵਾਈ ਫੌਜ ਨੇ 45 ਸਕੁਆਰਡਨ 'ਚ ਸ਼ਾਮਲ ਕੀਤਾ ਗਿਆ ਸੀ ਅਤੇ ਇਹ ਮਿੱਗ-21 ਦਾ ਬਦਲ ਬਣਿਆ ਹੈ। ਤੇਜਸ ਦੇ ਹਵਾਈ ਫੌਜ ਵਿੱਚ ਸ਼ਾਮਲ ਹੋਣ ਤੋਂ ਬਾਅਦ ਸ਼ਾਇਦ ਇਹ ਪਹਿਲਾ ਹਾਦਸਾ ਹੈ। ਪਿਛਲੇ ਹਫਤੇ ਅੰਬਾਲਾ ਏਅਰਬੇਸ ਤੋਂ ਇੱਕ ਜਗੁਆਰ ਦੇ ਉਡਾਣ ਭਰਨ ਦੇ ਬਾਅਦ ਉਸ ਨਾਲ ਪੰਛੀ ਟਕਰਾ ਗਿਆ ਅਤੇ ਉਸ ਦੇ ਇੰਜਣ 'ਚ ਅੱਗ ਲੱਗ ਗਈ ਅਤੇ ਫਿਊਲ ਟੈਂਕ ਤੇ ਸਿਖਲਾਈ ਬੰਬ ਸੁੱਟਣੇ ਪਏ ਸਨ।

HOMELIFE SILVERCITY Realty Inc. Brokerage
Each Office Independently Owned & Operated
Kulwinder Chhina
SALES REPRESENTATIVE
647.293.2327
www.Kulwinderchhina.com

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
$1,000
OVER 15 YEARS OF SERVICE
Professionals in Completing Basements within 3 Weeks
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਸ੍ਰੀ ਦਸ਼ਮੇਸ਼ ਪਿਤਾ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾਗੱਦੀ ਦੇਣੀ

ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤ ਸਮਾਉਣ, ਤੇ ਵਿਸ਼ੇਸ਼



ਕਰਨੈਲ ਸਿੰਘ ਟੋਰਾਂਟੋ
416-746-7642

ਸਤਿਗੁਰੂ ਜੀ ਨੇਂ ਭਰੇ ਦੀਵਾਨ ਅੰਦਰ ਪੰਜ ਪੈਸੇ ਨਰੇਲ ਮੰਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੋਗਿਰਦੇ ਪ੍ਰਕਰਮਾ ਕਰਕੇ ਮੱਥਾ ਟੇਕਿਆ ਅਤੇ ਗੱਜ ਵੱਜ ਕੇ ਫਤਿਹ ਬੁਲਾਈ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

ਦੋਹਰਾ – ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ॥

ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨਿਯੋ ਗਰੰਥ॥

ਦੋਹਰਾ – ਗੁਰੂ ਗਰੰਥ ਜੀ ਮਾਨਿਯੋ ਪ੍ਰਗਟ ਗੁਰਾਂ ਕੀ ਦੇਹ॥

ਜਾਂ ਕਾ ਹਿਰਦਾ ਸੁਧ ਹੈ ਖੋਜ ਸ਼ਬਦ ਮੇਂ ਲੇਹ॥

ਅਰਥ: ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਤੀਸਰਾ ਪੰਥ ਚਲਾਇਆ ਹੈ। ਸਭਨਾਂ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ, ਅਜ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਣਾ ਹੈ। ਹੋਰ ਕਿਸੇ ਦੇਵੀ ਦੇਵਤਿਆਂ ਦੀ ਜਾਂ ਮੜੀਆਂ ਮਸਾਣੀਆਂ ਦੀ ਪੂਜਾ ਨਹੀਂ ਕਰਨੀਂ ।

ਅਰਥ:= ਦੂਸਰੇ ਦੋਹਰੇ ਦੇ = ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਿਸ਼ਾਹੀਆਂ ਦੀ ਪ੍ਰਤੱਖ ਰੂਪ ਵਿਚ ਦੇਹ ਹੈ। ਜਿਸ ਦਾ ਹਿਰਦਾ ਸੁਧ ਹੈ। ਭਾਵ= ਸੁਧ ਹਿਰਦੇ ਵਾਲੇ ਗੁਰਮੁਖ ਸਿੱਖ ਸ਼ਬਦਾਂ ਦੁਆਰਾ ਖੋਜ = ਵਖਯਾਣ ਕਰਕੇ ਆਨੰਦ ਦੀ ਪ੍ਰਾਪਤੀ ਕਰ ਸਕਦੇ ਹਨ। ਪਹਿਲਾਂ ਪਾਠ ਕਰਨ ਤੋਂ ਜਾਂ ਕਥਾ ਵਾਰਤਾ ਤੋਂ ਆਪਣੇ ਮਨ ਅੰਦਰ ਝਾਤੀ ਮਾਰ ਲੈਣੀ ਚਾਹੀਦੀ ਹੈ, ਕੇ ਕਿਤੇ ਗੁਰੂ ਜੀ ਦੀ ਹੁਕਮ ਅਦੂਲੀ ਤਾਂ ਨਹੀਂ ਕੀਤੀ ਲੋਭ ਲਾਲਚ ਲਈ, 1430 ਪੰਨਿਆਂ ਵਿਚ ਜੋ ਗੁਰਬਾਣੀ ਹੈ। ਕਿਸੇ ਸ਼ਬਦ ਤੇ ਕਿੰਤੂ ਪ੍ਰੰਤੂ ਤਾਂ ਨਹੀਂ ਕੀਤਾ।

ਮਾਰੂ ਮਹਲਾ ੧ ॥ {ਪੰਨਾ ੧੦੧੨}

ਭੇਖੀ ਹਾਥ ਨ ਲਭਈ ਤੀਰਥ ਨਹੀਂ ਦਾਨੇ॥

ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ॥

ਅਰਥ:- ਭੇਖੀ ਪੁਰਖ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਗਤ ਵਿਚ ਤਾਂ ਆਉਂਦੇ ਹਨ। ਹੁਕਮ ਨਹੀਂ ਮੰਨਦੇ, ਸਤਿਗੁਰਾਂ ਤੇ ਸ਼ਰਧਾ ਨਹੀਂ ਹੈ। ਅੰਮ੍ਰਿਤ ਨਹੀਂ ਛੱਕਦੇ, ਸਾਰੀ ਉਮਰ ਗੁਰਦੁਆਰੇ ਜਾਂਦੇ ਹਨ। ਪਰ ਅਜੇ ਪਾਹੁਲ ਨਹੀਂ ਲਈ ਗੁਰਮੰਤ੍ਰ=ਵਾਹਿਗੁਰੂ ਸ਼ਬਦ ਪੰਜਾਂ ਪਿਆਰਿਆਂ ਦੁਆਰਾ ਨਹੀਂ ਸੁਣਿਆ, ਉਸ ਨੂੰ ਭੇਖੀ ਕਿਹਾ ਹੈ। ਉਸ ਦੇ ਤੀਰਥ ਅਤੇ ਦਾਨ ਪੁੰਨ ਕੀਤੇ ਬੇਅਰਥ ਜਾਂਦੇ ਹਨ, ਭਾਵੇਂ ਕਿਸੇ ਬੇਦ ਪਾਠੀ ਨੂੰ ਪੁਛ ਲਓ।

ਦੋਹਰਾ = ਗੁਰ ਦਰਸ ਜਹਿ ਦੇਖਣਾ ਸ੍ਰੀ ਗੁਰੂ ਗ੍ਰੰਥ ਦਰਸਾਇ॥

ਬਾਤ ਕਰਨ ਗੁਰ ਸੋਂ ਚਹੇ ਪਰ੍ਹੇ ਗੁਰ ਗ੍ਰੰਥ ਮਨ ਲਾਇ॥ {ਗੁਰ ਬਿਲਾਸ ਪਾ: ੬ ਅਧਿ: ੪}

ਅਰਥ: ਗੁਰੂ ਜੀ ਦੇ ਦਰਸਨ ਕਰਨੇਂ ਚਾਉਂਦੇ ਹੋ ਤਾਂ ਗੁਰੂ ਗ੍ਰੰਥ ਦੇ ਦਰਸ਼ਨ ਕਰੋ। ਅਗਰ ਤੁਹਾਡੀ ਤੀਬਰ ਇੱਛਾ ਹੈ, ਕੇ ਗੁਰੂ ਸਾਹਿਬ ਨਾਲ ਗੱਲਾਂ ਬਾਤਾਂ ਕਰੀਏ, ਤਾਂ ਗ੍ਰੰਥ ਸਾਹਿਬ ਨੂੰ ਮਨ ਦੀ ਇਕਾਗਰਤਾ ਨਾਲ ਅਤੇ ਅਥਾਹ ਸ਼ਰਧਾ, ਪ੍ਰੇਮ ਦੁਆਰਾ ਤਾਬਿਆ ਬੈਠ ਕੇ ਪੜ੍ਹਨਾ ਕਰੋ।

ਦਸ਼ਮੇਸ਼ ਜੀ ਦੇ ਆਖਰੀ ਹੁਕਮ

ਬੈਂਤ : ਸੁਣੋ ਖਾਸਾ ਜੀ ਹੁਣ ਆਗਯਾ ਏਹ, ਸਾਡੇ ਬਚਨਾਂ ਤਾਈਂ ਭੁਲਾਵਨਾ ਨਹੀਂ।

ਅਸਾਂ ਧਰਮ ਦੇ ਵਾਸਤੇ ਪੰਥ ਰਚਿਆ, ਧਾਨ ਪੂਜਾ ਦਾ ਸਿੰਘ ਹੋ ਖਾਵਨਾ ਨਹੀਂ। ਸਾਡੇ ਸਿੰਘ ਹੋ ਕੇ ਪੂਜਾ ਦਾ ਚੜ੍ਹਿਆ ਧਾਨ ਨਹੀਂ ਖਾਣਾ।ਰਹਿਤ ਵਿਚ ਪੱਕੇ ਰਹਿਣਾ, ਪੰਜਾਂ ਪਿਆਰਿਆਂ ਦਾ ਫੈਸਲਾ ਮੰਨਣਾ ਹੈ। ਦੇਸ ਪ੍ਰਦੇਸ ਜਾ ਕੇ ਗੁਰੂ ਗ੍ਰੰਥ ਦਾ ਪ੍ਰਚਾਰ ਕਰਨਾ। ਖਾਲਸੇ ਨੂੰ ਅਸੀਂ ਸ਼ੇਰ ਦਾ ਬੁਰਕਾ ਦਿੱਤਾ ਹੈ, ਲੋੜ ਪੈਣ ਤੇ ਗਿੱਦੜ ਵਾਂਗ ਝਾੜਾਂ ਛਿੱਛਰਿਆਂ ਵਿਚ ਸਿਰ ਨਹੀਂ ਛਪਾਣਾਂ। ਸਾਡੀ ਦੇਹੀ ਨਾਲ ਮੋਹ ਨਹੀਂ ਕਰਨਾ। ਸਾਡੇ ਪਿਛੋਂ ਰੋਣਾ ਨਹੀਂ , ਅਤੇ ਸਾਡੇ ਅੰਗੀਠੇ ਨੂੰ ਫੋਲਣਾ ਨਹੀਂ । ਸਾਡੀ ਰਾਖ ਨੂੰ ਇਥੇ ਹੀ ਦੱਬਾ ਦੇਣਾ ਉਤੇ ਮੰਦਰ ਨਹੀਂ ਬਣਾਣਾਂ। ਜਿਹੜਾ ਸਾਡੀ ਮੜੀ ਬਣਾਇਗਾ, ਉਸ ਦੀ ਕੁਲ ਦਾ ਨਾਸ ਹੋ ਜਾਵੇਗਾ। ਸਿਰਫ ਇਥੇ ਲੰਗਰ ਚਲਾਉਣਾ ਹੈ ਹੋਰ ਕਿਸੇ ਕਿਸਮ ਦਾ ਪਾਖੰਡ ਨਹੀਂ ਕਰਨਾ। ਖਾਲਸੇ ਨੇ ਆਪਸ ਵਿਚ ਮਿਲ ਕੇ ਪਿਆਰ ਨਾਲ ਰਹਿਣਾ ਹੈ, ਨਾਮ ਜਪਣਾ ਹੈ, ਹੀਰਾ ਜਨਮ ਵਿਅਰਥ ਨਹੀਂ ਗਵਾਵਣਾ। ਸੰਤੋਖ ਸਿੰਘ ਲਾਂਗਰੀ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀ ਇਥੇ ਸਿਖ ਸੰਗਤ ਤਾਂ ਬਹੁਤ ਥੋੜੀ ਹੈ, ਲੰਗਰ ਲਈ ਰਸਦ ਪਾਣੀ ਕਿਥੋਂ ਆਏਗਾ। ਅਤੇ ਅਸੀਂ ਇਥੇ ਪ੍ਰਦੇਸ ਵਿਚ ਆਏ ਹਾਂ, ਸਾਡਾ ਦੇਸ਼ ਪੰਜਾਬ ਬਹੁਤ ਦੂਰ ਰਹਿ ਗਿਆ ਹੈ, ਦੂਸਰਾ ਇਥੇ ਤੁਰਕ ਦਾ ਰਾਜ ਹੈ, ਸਾਡਾ ਰਹਿਣਾ ਬਹੁਤ ਦੁਸ਼ਵਾਰ ਹੈ। ਗੁਰੂ ਜੀ ਨੇ ਲਾਂਗਰੀ ਸਿੱਖ ਨੂੰ ਹੌਂਸਲਾ ਦਿਤਾ । ਇਹ ਅਬਚਲ ਨਗਰ ਹੈ, ਇਥੇ ਬੈਠ ਕੇ ਨਾਮ ਜਪ ਕੇ ਅਸੀਂ ਸੁਖ ਪਾਇਆ ਹੈ। ਇਹ ਕਰਤੇ ਨੇ ਆਪ ਵਸਾਇਆ ਹੈ। ਏਥੇ ਮਾਇਆ ਦਾਸੀ ਹੋ ਕੇ ਸੇਵਾ ਕਰੇਗੀ। ਸਾਡਾ ਇਕ ਸਿੱਖ ਲੰਗਰ ਦੀ ਸੇਵਾ ਕਰੇਗਾ। ਏਥੇ ਮਹਾਂ ਪਰਲੋ ਦੇ ਸਮੇਂ ਤਕ ਜੋਤ ਜਗੇਗੀ। ਕਤਕ ਸੁਦੀ ਪੰਚਮੀ 1765 ਬਿਕ੍ਰਮੀ ਨੂੰ ਦਸ਼ਮੇਸ਼ ਜੀ ਨੇ ਜੋਤੀ ਜੋਤ ਸਮਾਉਣਾ। ਤਿਨ ਪਹਿਰ ਰਾਤ ਬੀਤੀ ਗੁਰੂ ਜੀ ਨੇ ਆਖਰੀਂ ਦਰਸ਼ਨ ਦਿਤੇ ਵਾਹਿਗੁਰੂ ਨਾਮ ਬੋਲ ਕੇ ਅਰਦਾਸਾਂ ਸੋਧ ਕੇ , ਗੁਰੂ ਖਾਲਸਾ ਖਾਲਸਾ ਗੁਰੂ ਕਹਿ ਕੇ ਹੱਥ ਜੋੜ ਕੇ ਫਤਿਹ ਬਲਾਈ। ਖਾਲਸਾ ਜੀ ਨੂੰ ਬਾਣੀ ਦਾ ਜਾਪ ਕਰਨ ਲਈ ਕਿਹਾ, ਆਪ ਉਠ ਕੇ ਕਨਾਤ ਵਿਚ ਚਲੇ ਗਏ, ਜਿਥੇ ਚੰਦਨ ਦੀਆਂ ਲਕੜਾਂ ਦੀ ਚਿੱਖਾ ਬਣੀ ਹੋਈ ਸੀ। ਚਿਖਾ ਦੇ ਚੌਫੇਰੇ ਕਨਾਤ ਤਾਣੀ ਹੋਈ ਸੀ। ਇਹ ਨਾ ਵਰਦਾਸ਼ਤ ਹੋਣ ਵਾਲਾ ਭਾਣਾ ਦੇਖ ਕੇ ਖਾਲਸੇ ਦੀਆਂ ਭੁਬਾਂ ਨਿਕਲ ਗਈਆਂ, ਭਾਵੇਂ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਪਹਿਲਾਂ ਸਮਝਾਇਆ ਸੀ, ਫੇਰ ਵੀ ਖਾਲਸਾ ਜੀ ਇਸ ਵਿਛੋੜੇ ਨੂੰ ਸਹਿ ਨਹੀਂ ਸਕਿਆ। ਸਹਿਣ ਵੀ ਕਿਵੇਂ ਜਿਹੜੇ ਨਿਰੰਕਾਰ ਦੇ ਸਰਗੁਣ ਸਰੂਪ ਵਿਚ ਦਰਸ਼ਨ ਕਰਦੇ ਸਨ। ਉਹ ਕਿੰਨੇਂ ਵਡਭਾਗੇ ਸਿੱਖ ਹੋਣਗੇ।

ਜ਼ਰੂਰੀ ਨੋਟ: ਦਾਸ ਨੂੰ ਇਕ ਦਫਾ ਸੁਪਨੇ ਵਿਚ ਦਰਸ਼ਨ ਹੋਏ ਸੀ। 1978 ਵਿਚ ਕਈ ਦਿਨ ਰੋਂਦਾ ਰਿਹਾ ਸੀ। ਮੇਰੇ ਸਾਹਮਣੇ ਖੜ੍ਹ ਕੇ ਹਿਦਾਇਤ ਕੀਤੀ ਸੀ । ਜੰਗੇ ਮੈਦਾਨ ਵਿਚ ਦਾਸ ਖੜਾ ਹੈ, ਲੋਥਾਂ ਦੇ ਢੇਰ ਲਗੇ ਹਨ। ਦਾਸ ਤਲਵਾਰ ਲੈ ਕੇ ਜੂਝ ਰਿਹਾ ਸੀ। ਦਸ਼ਮੇਸ਼ ਜੀ ਨੇ ਮੇਰੇ ਸਾਹਮਣੇ ਖੜ੍ਹਕੇ ਪੂਰਨ ਦਰਸ਼ਨ ਦੇ ਕੇ ਕਿਹਾ ਜੰਗ ਬੰਦ ਕਰਦੇ। ਇਸ ਕੀਟ ਨੇ ਜੰਗ ਬੰਦ ਕਰ ਦਿੱਤਾ। ਅੱਖ ਖੁਲੀ ਤਾਂ ਗੁਰੂ ਜੀ ਅਲੋਪ ਸਨ। ਤਿਨ ਦਿਨ ਰੋਂਦਾ ਰਿਹਾ ਕੇ ਤੂੰ ਭੁੱਲ ਗਿਆ ਚਰਨਾਂ ਤੇ ਨਹੀਂ ਡਿੱਗਿਆ। ਆਖਰ ਦਮਦਮੀਂ ਟਕਸਾਲ ਦੇ ਸਿੰਘ ਪਾਸ ਆਪਣੀਂ ਬੀਤੀ ਅਤੇ ਭੁੱਲ ਸਬੰਧੀ ਗੱਲ ਕੀਤੀ। ਉਸ ਵਿਦਵਾਨ ਨੇ ਕਿਹਾ ਤੂੰ ਗੁਰੂ ਜੀ ਦੇ ਸਮੇਂ ਜੰਗਾਂ ਜੁੱਧਾਂ ਵਿਚ ਹੋਵੇਂਗਾ। ਤੇਰੇ ਵਲ ਕੁਝ ਬਕਾਇਆ ਹੋਵੇਗਾ, ਅੱਜ ਸੁਪਨੇ ਵਿਚ ਪੂਰਾ ਕਰਾਗੇ। ਤੇਰੇ ਲਈ ਖੁਸ਼ੀ ਦਾ ਚਮਤਕਾਰ ਹੈ। ਦਾਸ ਨੇ ਇਹ ਲਾਇਨਾਂ ਅਜ ਵੀ ਰੋ ਰੋ ਕੇ ਲਿਖੀਆਂ ਹਨ। ਉਹ ਗੁਰੂ ਕੇ ਗੁਰਸਿੱਖ ਕਿਉਂ ਨਾ ਰੋਣ ਜਿਹੜੇ ਹਰ ਰੋਜ਼ ਦਰਸ਼ਨ ਕਰਦੇ ਸਨ, ਅਕਾਲਪੁਰਖ ਜੋਤ ਦੇ। ਜਿਹਨਾਂ ਦੇ ਸਾਹਮਣੇ ਫਤਹ ਗਜਾ ਕੇ ਸਦਾ ਲਈ ਅਲੋਪ ਹੋ ਰਹੇ ਹਨ।

ਨੋਟ: ਦੇਹੀ ਕਰਕੇ ਅਲੋਪ ਹੋਏ ਹਨ, ਚੇਤਨ ਸੱਤਾ ਕਰਕੇ ਉਹ ਸਾਰੇ ਬ੍ਰਹਮੰਡ ਵਿਚ ਰਮੇਂ ਹੋਏ ਹਨ।

ਮਹਲਾ ੫ {ਪੰਨਾ ੬੧੨}

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ,

ਤਥਾ: ਆਪ ਨਰਾਇਣ ਕਲਾਧਾਰਿ ਜਗ ਮਹਿ ਪਰਵਰਿ ਘਓ {ਪੰਨਾ ੧੩੯੫}

ਅਰਥ: ਜਿਸ ਵੇਲੇ ਧਰਤੀ ਤੇ ਪਾਪ ਕਰਮ, ਅਤਿਆਚਾਰ ਵਧ ਜਾਂਦੇ ਹਨ, ਤਾਂ ਆਪ ਹੀ ਪ੍ਰਭੂ ਸਮੇਂ ਸਮੇਂ ਅਵਤਾਰ ਧਾਰਨ ਕਰਦਾ ਹੈ। ਜਦੋਂ ਸਿੰਘਾਂ ਨੇ ਅੰਗੀਠਾਂ ਫੋਲਿਆ ਤਾਂ ਇਕ ਸਿਰ ਦੀ ਛੋਟੀ ਕਿਰਪਾਨ ਤੋਂ ਬਿਨਾਂ ਹੋਰ ਕੋਈ ਚੀਜ਼ ਨਹੀਂ ਲੱਭੀ। ਜਦੋਂ ਕਿ ਧਨੁਖ ਤੀਰ, ਢਾਲ, ਤਲਵਾਰ, ਆਦਿਕ ਸ਼ਸਤਰ ਗੁਰੂ ਜੀ ਦੇ ਸਜਾਏ ਹੋਏ ਸਨ। ਅਤੇ ਪਵਿਤਰ ਸਰੂਪ ਦੀ ਹੱਡੀ ਕੋਈ ਨਹੀਂ ਲੱਭੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ ਦੇਹ ਨਿਰਾਕਾਰ ਦੇ ਦੇਸ਼ ਨੂੰ ਚਲੇ ਗਏ ਸਨ, ਸਿੰਘ ਵਿਚਾਰਾਂ ਕਰਦੇ ਹਨ। ਇਤਨੇਂ ਨੂੰ ਇਕ ਸਾਧੂ ਆਇਆ ਜਿਹੜਾ ਸਤਿਗੁਰਾਂ ਦੇ ਅੰਤਮ ਦਰਸ਼ਨ ਕਰ ਕੇ ਗਿਆ ਸੀ। ਜੰਗਲ ਦੇ ਵਿਚ ਸਾਧੂ ਨੂੰ ਸੱਚੇ ਪਾਤਸ਼ਾਹ ਨੇ ਦਰਸ਼ਨ ਦਿੱਤੇ , ਹੱਥ ਵਿਚ ਬਾਜ ਹੈ, ਘੋੜੇ ਤੇ ਅਸਵਾਰ ਹਨ। ਸਤਿਗੁਰਾਂ ਸੰਤ ਨੂੰ ਕਿਹਾ ਸੰਤ ਜੀ ਸਿੰਘਾਂ ਨੂੰ ਸਾਡਾ ਸੁਨੇਹਾ ਦੇਣਾ, ਕੇ ਅਸੀਂ ਕੁਮੈਤ ਘੋੜਾ, ਬਾਜ ਚਿਟਾ, ਸੋਨੇਂ ਦੀ ਕਾਠੀ ਅਸੀਂ ਲੈ ਆਏ ਹਾਂ। ਕੋਈ ਚਿੰਤਾ ਨਾ ਕਰਨ। ਅਤੇ ਮੋਹ ਨੂੰ ਅਤੇ ਸੋਗ ਨੂੰ ਤਿਆਗ ਦੇਣ। ਜਦੋਂ ਸੰਤ ਨੇਂ ਆਕੇ ਸਨੇਹਾ ਦਿਤਾ ਤਾਂ ਸੁਣ ਕੇ ਸਿੰਘ ਹੈਰਾਨ ਹੋਏ ਅਤੇ ਖੁਸ਼ ਵੀ ਹੋਏ।

ਪਿਛੋਂ ਚੰਦੂ ਲਾਲ ਰਾਜੇ ਨੇਂ ਬੜੀ ਭਾਰੀ ਜਗੀਰ ਲਾ ਦਿਤੀ ਸੀ। ਭਾਵੇਂ ਸਤਿਗੁਰਾਂ ਬਚਨ ਕੀਤਾ ਸੀ ਕੇ ਸਾਡੀ ਯਾਦ ਵਿਚ ਏਥੇ ਲੋਈ ਮੰਦਰ ਨਹੀਂ ਬਣਾਉਣਾ, ਜੇਹੜਾ ਸਾਡੀ ਮੜੀ ਬਣਾਇਗਾ, ਉਸ ਦੀ ਕੁਲ ਦਾ ਨਾਸ ਹੋਵੇਗਾ। ਮਹਾਰਾਜਾ ਰਣਜੀਤ ਸਿੰਘ ਨੇਂ ਪ੍ਰਣ ਕਰ ਲਿਆ ਕੇ ਮੇਰੀ ਬੰਸ ਤਾਂ ਜ਼ਰੂਰ ਖਤਮ ਹੋਵੇਗੀ, ਪਰ ਮੈਂ ਸੱਚੇ ਸਤਿਗੁਰੂ ਦੀ ਯਾਦ ਬਣਾਵਾਂਗਾ। ਆਪਣੀ ਬੰਸ ਨੂੰ ਦਾਅ ਤੇ ਲਾਕੇ ਸੁੰਦਰ ਗੁਰਦਵਾਰਾ ਸਾਹਿਬ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ ਹੈ । ਜੋ ਦੱਖਣ ਨੰਦੇੜ , ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗੀਆਂ ਵਾਲੇ , ਧੰਨ ਧੰਨ ਮਹਾਰਾਜਾ ਰਣਜੀਤ ਸਿੰਘ ਜੀ।

ਨੋਟ: ਸਾਧ ਸੰਗਤ ਤਾਈਂ ਬੇਨਤੀ ਹੈ, ਦਾਸ ਨੇਂ ਇਹ ਦਸ਼ਮੇਸ਼ ਜੀ ਦਾ ਇਤਹਾਸ=ਦਸ਼ਮੇਸ਼ ਪ੍ਰਕਾਸ਼=ਗਿਆਨੀ ਕਰਤਾਰ ਸਿੰਘ ਕਲਾਸ ਵਾਲੀਏ ਦੀ ਮਦਦ ਨਾਲ ਲਿਖਿਆ ਹੈ। ਕੋਈ ਭੁੱਲ ਹੋਈ ਹੋਵੇ ਤਾਂ ਫੋਨ ਕਰਕੇ ਦਾਸ ਨੂੰ ਦੱਸਣ ਦੀ ਕ੍ਰਿਪਾਲਤਾ ਕਰਨੀ। ਦਾਸ ਅੱਤੀ ਧੰਨਵਾਦੀ ਹੋਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਜਾਂ ਕਹੋ ਦਸ ਜਾਮੇਂ ਧਾਰਨ ਕਰਕੇ ਤੀਸਰਾ ਪੰਥ ਸਾਜਿਆ ਹੈ ਖਾਲਸਾ। ਪਹਿਲਾਂ ਹਿੰਦੂ ਅਤੇ ਮੁਸਲਮਾਨ ਦੋ ਧਰਮ ਸਨ, ਖਾਲਸੇ ਨੇਂ ਆਪਣੇਂ ਆਪ ਨੂੰ ਹਿੰਦੂ ਨਹੀਂ ਕਹਾਣਾ। ਤੀਸਰੇ ਪੰਥ ਦਾ ਸਿੱਖ ਜਾਂ ਖਾਲਸਾ ਕਹਾਉਣਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੰਥ। ਖਾਲਸੇ ਦੇ ਅਰਥ ਵੀ ਖਾਲਸ ਹੈ, ਬਿਨਾਂ ਕਿਸੇ ਪਾਪ ਕਰਮ ਜਾਂ ਮਿਲਾਵਟ ਤੋਂ, ਦੇਸੀ ਘਿਓ ਦੇ ਡੱਬੇ ਤੇ ਲਿਖਿਆ ਹੁੰਦਾ ਹੈ , ਖਾਲਸ ਦੇਸੀ ਘੀ। ਉਸੇ ਤਰ੍ਹਾਂ ਖਾਲਸ ਖਾਲਸਾ ਪੰਥ ਸਾਜਿਆ ਹੈ। ਦਾਸ ਦੀ ਲਿਖੀ ਪੁਸਤਕ = ਨਾਮ ਕੀ ਮਹਿਮਾ

ਦਾਸ ਕਰਨੈਲ ਸਿੰਘ ਟਰਾਂਟੋ 416-746-7642

# ਨੀਂ ਮੇਰਾ ਲਾਲ ਲੋਰੀ ਮੰਗਦਾ..

-ਡਾ. ਰਵਿੰਦਰ ਸਿੰਘ

ਲੋਰੀ ਹਰ ਭਾਸ਼ਾ ਵਿੱਚ ਗਾਇਆ ਜਾਣ ਵਾਲਾ ਲੋਕ ਗੀਤ ਹੈ। ਇਸ ਗੀਤ ਨੂੰ ਮਾਂ, ਦਾਦੀ-ਦਾਦਾ, ਨਾਨੀ-ਨਾਨਾ, ਮਾਸੀ, ਭੂਆ ਤੇ ਭੈਣ ਵਧੇਰੇ ਗਾਉਂਦੇ ਹਨ। ਇਸ ਗੀਤ ਦੀ ਵਰਤੋਂ ਬੱਚੇ ਨੂੰ ਸੰਵਾਉਣ ਲਈ ਕੀਤੀ ਜਾਂਦੀ ਹੈ। ਪੀਂਘ ਦੇ ਝੂਟੇ ਵਰਗੇ ਇਸ ਗੀਤ ਦੇ ਬੋਲਾਂ ਨਾਲ ਬੱਚਾ ਪਰਚ ਜਾਂਦਾ ਤੇ ਸੌਂ ਜਾਂਦਾ ਹੈ। ਇਸ ਵਿੱਚ ਅਲੌਕਿਕ ਮਧੁਰਤਾ ਹੁੰਦੀ ਹੈ। ਬੱਚਾ ਲੋਰੀ ਸੁਣਦਾ ਜਾਂਦਾ ਹੈ ਤੇ ਨੀਂਦ ਉਸ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਜਾਂਦੀ ਹੈ। ਬੱਚੇ ਲਈ ਲੋਰੀ ਮਾਂ ਦਾ ਦੂਜਾ ਰੂਪ ਹੁੰਦੀ ਹੈ। ਬਾਕੀ ਸਭ ਰਿਸ਼ਤਿਆਂ ਨਾਲੋਂ ਬੱਚੇ ਨੂੰ ਵਧੇਰੇ ਲੋਰੀ ਦੇਣ ਦਾ ਸੁਭਾਗ ਮਾਂ ਦੇ ਹਿੱਸੇ ਆਉਂਦਾ ਹੈ। ਉਹ ਲੋਰੀ ਨਾਲ ਆਪਣੇ ਬੱਚੇ ਨੂੰ ਅਜਿਹੇ ਭਰੋਸੇ ਭਰੇ ਬੋਲ ਕਹਿੰਦੀ ਹੈ ਜਿਨ੍ਹਾਂ ਦੀ ਸ਼ਬਦਾਵਲੀ ਨੂੰ ਸਮਝਣਾ ਬੱਚੇ ਲਈ ਔਖਾ ਹੁੰਦਾ ਹੈ, ਪਰ ਇਸ ਦੀ ਲੈਅ ਤੇ ਸੰਗੀਤਕ ਚਾਲ ਬੱਚੇ ਦੀਆਂ ਅੱਖਾਂ 'ਤੇ ਨੀਂਦ ਦੇ ਛਿੱਟੇ ਮਾਰਨ ਲੱਗਦੀ ਹੈ। ਮਾਲਵੇ ਵਿੱਚ ਲੋਰੀ ਨੂੰ 'ਸੌਣੀ' ਵੀ ਕਿਹਾ ਜਾਂਦਾ ਹੈ। ਮਾਂ ਆਪਣੇ ਬੱਚੇ ਦੀ ਸੌਣ ਵਾਸਤੇ ਦਿਖਾਈ ਬੇਚੈਨੀ ਨੂੰ ਭਾਂਪ ਕੇ ਉਸ ਨੂੰ ਲੋਰੀ ਸੁਣਾਉਣ ਲੱਗਦੀ ਹੈ।

ਨੀਂ ਮੈਂ ਸਦਕੇ ਜਾਵਾਂ, ਮੇਰਾ ਲਾਲ ਲੋਰੀ ਮੰਗਦਾ
ਲੋਰੀ ਮੰਗਦਾ ਨੀਂ ਮੇਰਾ ਲਾਲ ਲੋਰੀ ਮੰਗਦਾ
ਲੋਰੀ ਮੰਗਦਾ ਨਾ ਥੱਕਦਾ ਨਾ ਹੰਭਦਾ
ਨੀਂ ਮੇਰੀ ਲਾਲ ਲੋਰੀ ਮੰਗਦਾ

ਮਾਂ ਇਸ ਗੀਤ ਦੀਆਂ ਤੁਕਾਂ ਵਿੱਚ ਸਹਿਜ ਸੁਭਾਅ ਆਪਣੀਆਂ ਰੀਝਾਂ ਗੁੰਦਣ ਲੱਗ ਜਾਂਦੀ ਹੈ। ਬੱਚੇ ਦੀ ਆਉਣ ਵਾਲੀ ਜ਼ਿੰਦਗੀ ਨਾਲ ਜੋੜ ਕੇ ਸੁਪਨੇ ਦੇਖਣ ਲੱਗਦੀ ਹੈ। ਉਸ ਲਈ ਨਵੀਂ ਦੁਨੀਆ ਸਿਰਜਣ ਲੱਗਦੀ ਹੈ। ਆਪਣੇ ਬੱਚੇ ਦੀ ਖੁਸ਼ੀ ਲਈ ਨਿਆਮਤਾਂ ਦੇ ਢੇਰ ਇਕੱਠੇ ਕਰਨ ਲੱਗਦੀ ਹੈ। ਲੋਰੀ ਦਾ ਇਕ ਰੂਪ ਨਹੀਂ ਹੈ। ਇਸ ਦੀ ਤੁਕਬੰਦੀ ਤੇ ਲੈਅ ਨੂੰ ਮਾਂ ਆਪਣੀ ਸੁਵਿਧਾ ਅਨੁਸਾਰ ਰਵਾਨੀ ਦੇ ਦਿੰਦੀ ਹੈ। 'ਲੋਰੀ' ਲੋਕ ਗੀਤ ਦਾ ਅਜਿਹਾ ਰੂਪ ਹੈ ਜਿਹੜਾ ਕਿਸੇ ਰਾਗ ਵਿੱਚ ਬੱਝਾ ਹੋਇਆ ਨਹੀਂ ਹੁੰਦਾ, ਪਰ ਇਸ ਦਾ ਮੁਕਾਬਲਾ ਵਿਸ਼ੇਸ਼ ਰਾਗ ਵਿੱਚ ਬੱਝਿਆ ਹੋਇਆ ਕੋਈ ਉਤਮ ਗੀਤ ਨਹੀਂ ਕਰ ਸਕਦਾ। ਇਸ ਵਿੱਚੋਂ ਮਾਂ ਦਾ ਬੱਚੇ ਲਈ ਅਮੋੜ, ਬੇਰੋਕ, ਨਿਰਛਲ ਤੇ ਬੇਅੰਤ ਪਿਆਰ ਡੁੱਲ੍ਹਦਾ ਦਿਸਦਾ ਹੈ। ਕਈ ਵਾਰ ਮਾਂ ਆਪਣੇ ਬੱਚੇ ਨੂੰ ਪਰਚਾਉਣ ਲਈ ਲੋਰੀ ਇਸ ਤਰ੍ਹਾਂ ਸ਼ੁਰੂ ਕਰਦੀ ਹੈ-

ਦੇਵਾਂ ਤੈਨੂੰ ਲੋਰੀ, ਲੋਰੀ ਵੇ ਲਾਲਾ ਲੋਰੀ
ਸੌਂ ਜਾ ਵੇ ਮੇਰੇ ਸੋਹਣਿਆਂ, ਸੌਂ ਜਾ ਵੇ ਮੇਰੇ ਰਾਜਿਆ
ਸੌਂ ਜਾ ਵੇ ਮੇਰੇ ਤਾਰੇ, ਮਾਂ ਦੇ ਰਾਜ ਦੁਲਾਰੇ
ਨਜ਼ਰ ਨਾ ਲੱਗੇ ਮੇਰੇ ਪੁੱਤ ਨੂੰ, ਮਾਂ ਤੇਰੀ ਮਿਰਚਾਂ ਵਾਰੇ
ਮੇਰੇ ਪੁੱਤ ਨਾਲ ਖੇਡਣ ਦੇ ਲਈ, ਆਉਂਦੇ ਅੰਬਰੋਂ ਤਾਰੇ
ਪੁੱਤ ਮੇਰੇ ਨੇ ਗੱਭਰੂ ਹੋ ਕੇ, ਕਰਨੇ ਵਾਰੇ ਨਿਆਰੇ
ਸੌਂ ਜਾ ਵੇ ਮੇਰੇ ਨਿੱਕਿਆ, ਮਾਂ ਤੇਰੇ ਕੇਸ ਸਵਾਰੇ
ਦੇਵਾਂ ਮੈਂ ਤੈਨੂੰ ਲੋਰੀ, ਲੋਰੀ ਵੇ ਲਾਲਾ ਲੋਰੀ..

ਮਾਂ ਆਪਣੇ ਬੱਚੇ ਨੂੰ ਲੋਰੀ ਦਿੰਦੀ-ਦਿੰਦੀ ਸਿੱਖਿਆ ਵੀ ਦੇ ਰਹੀ ਹੁੰਦੀ ਹੈ। ਉਸ ਦੀਆਂ ਸਿਫਤਾਂ ਵੀ ਕਰ ਰਹੀ ਹੁੰਦੀ ਹੈ। ਉਸ ਨੂੰ ਸੋਲਾਂ ਕਲਾਂ ਸੰਪੂਰਨ ਕ੍ਰਿਸ਼ਨ ਬਣਾ ਲੈਂਦੀ ਹੈ। ਦਲੇਰ ਸ਼ਾਹ ਅਸਵਾਰ ਵੀ ਤੇ ਦਾਨੀ ਵੀ। ਉਸ ਨੂੰ ਆਖੇ ਲੱਗਣ ਵਾਲਾ ਬੀਬਾ ਪੁੱਤ ਬਣਾ ਰਹੀ ਹੁੰਦੀ ਹੈ। ਉਸ ਨੂੰ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਹੋਣ ਦੀ ਕਲਪਨਾ ਵੀ ਕਰਦੀ ਹੈ ਤੇ ਉਸ ਦੇ ਚੰਗਾ ਇਨਸਾਨ ਬਣਨ ਦੀ ਕਾਮਨਾ ਵੀ ਕਰਦੀ ਹੈ।

ਗੀਗਾ ਪੁੱਤ ਗੱਭਰੂ, ਚਾਰੇ ਗਾਵਾਂ ਵੱਛਰੂ
ਕੰਮ ਕਰੇ ਇਹ ਚੰਗੇ-ਚੰਗੇ
ਲੀੜੇ ਪਾਉਂਦੈ ਰੰਗ ਬਰੰਗੇ
ਨੀਂ ਮੇਰਾ ਸ਼ਾਮ ਰੰਗਾ, ਸੌਂਦਾ ਨੀਂ ਪਾਵੇ ਪੰਗਾ
ਦਾਦੀ ਇਸ ਨੂੰ ਚੂਰੀ ਦਿੰਦੀ, ਦਾਦਾ ਗੁੱਲੀ ਡੰਡਾ
ਭੂਆ ਇਹਦੀਆਂ ਗੱਲ੍ਹਾਂ ਪੱਟੇ, ਮਾਸੀ ਛਿੜਕੇ ਠੰਢਾ
ਨੀਂ ਮੇਰਾ ਪੁੱਤ ਬਾਹਲਾ ਪਿਆਰਾ
ਨੀਂ ਮੇਰਾ ਰਾਜ ਦੁਲਾਰਾ
ਨੀਂ ਗੱਲ ਮੇਰੀ ਮੰਨਦਾ, ਇਹ ਟੁਕੜਾ ਚੰਨ ਦਾ
ਨੀਂ ਸੋਹਣਾ ਪੁੱਤ ਗੱਭਰੂ, ਬੜਾ ਚੰਗਾ ਮਨ ਦਾ
ਸੌਂ ਜਾ ਮੇਰੇ ਤਾਰੇ
ਮਾਂ ਵੇ ਤੇਰੀ ਨਿੱਕਿਆ
ਤੇਰੇ ਕੇਸ ਸਵਾਰੇ..

ਲੋਰੀ ਵਿੱਚੋਂ ਮਾਂ ਦੇ ਪਿਆਰ ਦੁਲਾਰ ਦੇ ਨਾਲ-ਨਾਲ ਘਰ ਦੇ ਹੋਰਨਾਂ ਕੰਮਾਂ ਕਾਰਾਂ ਦਾ ਫਿਕਰ ਵੀ ਝਾਤੀਆਂ ਮਾਰਦਾ ਦਿਸਦਾ ਹੈ। ਘਰ ਦੀ ਬੁਨਿਆਦ ਔਰਤ ਦੀ ਮਿਹਨਤ, ਸ਼ਿੱਦਤ ਤੇ ਸਿਆਣਪ ਨਾਲ ਬੱਝੀ ਹੁੰਦੀ ਹੈ। ਜੇ ਔਰਤ ਘਰ ਵੱਲ ਧਿਆਨ ਨਹੀਂ ਦਿੰਦੀ ਤਾਂ ਘਰ ਮਲੀਆ ਮੇਟ ਹੋ ਜਾਂਦਾ ਹੈ। ਘਰ ਤੇ ਬੱਚੇ ਨੂੰ ਸੰਭਾਲਣਾ ਔਰਤ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਮੰਨੀ ਜਾਂਦੀ ਹੈ। ਇਨ੍ਹਾਂ ਦੋਵਾਂ ਦੀ ਹੋਂਦ ਔਰਤ ਨਾਲ ਜੁੜੀ ਹੋਈ ਹੈ। ਜਦੋਂ ਬੱਚਾ ਛੋਟਾ ਹੋਵੇ ਤੇ ਘਰ ਵਿੱਚ ਉਸ ਨਾਲ ਕੋਈ ਹੱਥ ਵਟਾਉਣ ਵਾਲਾ ਬਜ਼ੁਰਗ ਨਾ ਹੋਵੇ ਤਾਂ ਬੱਚੇ ਦਾ ਪਾਲਣ ਪੋਸ਼ਣ ਤੇ ਉਸ ਦਾ ਲੀੜਾ ਕੱਪੜਾ ਸੰਭਾਲਣਾ ਉਸ ਲਈ ਔਖਾ ਹੋ ਜਾਂਦਾ ਹੈ। ਇਸ ਹਾਲਤ ਵਿੱਚ ਉਹ ਆਪਣੇ ਬੱਚੇ ਨੂੰ ਲੋਰੀ ਰਾਹੀਂ ਧਮਕੀਆਂ ਵੀ ਦਿੰਦੀ ਹੈ, ਪਰ ਇਹ ਧਮਕੀਆਂ ਵੀ ਮਿਸ਼ਰੀ ਦੀਆਂ ਡਲੀਆਂ ਹੁੰਦੀਆਂ ਹਨ।

ਸੌਂ ਪੁੱਤ ਤੂੰ ਵੇ, ਤੱਕਾਂ ਤੇਰਾ ਮੂੰਹ ਵੇ
ਚੁੰਮਾਂ ਤੇਰੇ ਹੋਂਠ ਵੇ, ਆਵੇ ਨਾ ਤੈਨੂੰ ਤੋਟ ਵੇ
ਤੂੰ ਸੌਂਵੇ ਤਾਂ ਕੱਪੜੇ ਧੋਵਾਂ, ਤੂੰ ਸੌਂਵੇ ਤਾਂ ਮੰਨ ਪਕਾਵਾਂ
ਤੂੰ ਸੌਂਵੇ ਤਾਂ ਧਰਾਂ ਕਾੜ੍ਹਨੀ, ਤੂੰ ਸੌਂਵੇ ਤਾਂ ਤੜਕਾ ਲਾਵਾਂ
ਜੇ ਨਾ ਸੁੱਤਾ ਮੇਰਿਆ ਮੱਖਣਾ
ਕੰਨ 'ਤੇ ਪਊ ਤੇਰੇ ਇਕ ਰੱਖਣਾ
ਚੀਕਾਂ ਫਿਰ ਤੂੰ ਮਾਰੇਂਗਾ
ਮੇਰੇ ਦਿਲ ਨੂੰ ਸਾੜੇਂਗਾ
ਪਰ ਤੂੰ ਗੱਲ ਮੰਨ ਜਾਵੇਂਗਾ
ਕੰਨ 'ਤੇ ਨਹੀਂ ਤੂੰ ਖਾਵੇਂਗਾ
ਸੌਂ ਜਾ ਮੇਰਾ ਲਾਲ ਵੇ
ਸੌਂ ਜਾ ਮੇਰੇ ਪੁੱਤ ਵੇ..

ਮਾਂ ਇਸ ਲੋਰੀ ਵਿੱਚ ਹੀ ਆਪਣੇ ਬੱਚੇ ਨੂੰ ਗੱਭਰੂ ਹੋਇਆ ਕਿਆਸ ਲੈਂਦੀ ਹੈ। ਉਸ ਨੂੰ ਆਪਣੀ ਗੋਦ ਵਿੱਚ ਲੋਰੀ ਲੈਂਦਾ ਬੱਚਾ ਖੇਡਾਂ ਖੇਡਦਾ, ਟਪੂਸੀਆਂ ਮਾਰਦਾ, ਢੋਲੇ ਗਾਉਂਦਾ ਅਤੇ ਅਠਖੇਲੀਆਂ ਕਰਦਾ ਨਜ਼ਰ ਆਉਂਦਾ ਹੈ। ਉਹ ਆਪਣੇ ਪੁੱਤ ਨੂੰ ਲੋਰੀ ਗਾਉਂਦੀ-ਗਾਉਂਦੀ ਗਾਮਾ ਭਲਵਾਨ ਬਣਾ ਦਿੰਦੀ ਹੈ। ਹਰ ਮਾਂ ਦੀ ਇੱਛਾ ਹੁੰਦੀ ਹੈ ਕਿ ਉਸ ਦੇ ਜਵਾਨ ਪੁੱਤ ਨੂੰ ਦੁਨੀਆ ਦੀ ਹਰ ਨਜ਼ਰ ਦੇਖੇ, ਪਰ ਬੁਰੀ ਨਜ਼ਰ ਉਸ ਵੱਲ ਕਦੇ ਨਾ ਝਾਕੇ। ਮਾਂ ਦੀ ਲੋਰੀ ਵਿੱਚ ਬੱਚੇ ਨੂੰ ਖੁਆ ਪਿਆ ਕੇ ਗੱਭਰੂ ਕਰਨ ਦਾ ਜ਼ਿਕਰ ਜ਼ਰੂਰ ਆਉਂਦਾ ਹੈ।

ਲੋਰੀ ਵੇ ਲਾਲਾ ਲੋਰੀ,
ਲ..ਲ..ਲ..ਲੋਰੀ
ਖੇਡੇ ਕੌਡੀ ਬਾਡੀ, ਪੁੱਤ ਤੂੰ ਮੇਰਾ ਲਾਡੀ
ਦੇਊਂ ਮੈਂ ਦੁੱਧ ਘਿਓ ਵੇ, ਤੈਨੂੰ ਖੁਆਊਂ ਸਿਉ ਵੇ
ਤੈਨੂੰ ਜੋ ਵੀ ਚੰਗਾ ਲੱਗਣਾ
ਤੈਨੂੰ ਜੋ ਵੀ ਪਿਆਰਾ ਲੱਗਣਾ
ਲਿਆ ਕੇ ਦੇਊਂ ਉਹ ਵੇ
ਸੌਂ ਜਾ ਮੇਰੇ ਸੋਹਣਿਆਂ..ਸੌਂ ਜਾ ਮੇਰੇ ਰਾਜਿਆ..

ਜਿਸ ਸਮੇਂ ਮਾਂ ਦੀ ਗੋਦ ਵਿੱਚ ਲੋਰੀਆਂ ਸੁਣਦਾ ਬੱਚਾ ਨੀਂਦ ਦੀ ਆਗੋਸ਼ ਵਿੱਚ ਜਾਣ ਲੱਗਦਾ ਹੈ ਤਾਂ ਮਾਂ ਉਸ ਲਈ ਨਵੀਂ ਲੋਰੀ ਗਾਉਣ ਲੱਗਦੀ ਹੈ। ਇਸੇ ਲੋਰੀ ਨੂੰ ਸੁਣਦਾ-ਸੁਣਦਾ ਬੱਚਾ ਸੌਂ ਜਾਂਦਾ ਹੈ। ਮਾਂ ਆਪਣੀ ਲੋਰੀ ਵਿੱਚ ਕਦੇ ਵੀ ਉਸ ਦੇ ਬੁੱਢੇ ਹੋਣ ਦਾ ਕਿਆਸ ਨਹੀਂ ਕਰਦੀ। ਉਸ ਨੂੰ ਉਹ ਪੁੱਤ ਪੋਤਿਆਂ ਵਾਲਾ ਹੋਣ ਦੇ ਬਾਵਜੂਦ ਬਚਪਨ ਦਾ ਪਾਲਿਆ ਨਿੱਕਾ ਹੀ ਨਜ਼ਰ ਆਉਂਦਾ ਹੈ। ਉਹ ਉਸ ਨੂੰ ਆਪਣੇ ਅੰਤਿਮ ਸਾਹਵਾਂ ਤੱਕ ਜਵਾਨ ਹੀ ਦੇਖਣਾ ਚਾਹੁੰਦੀ ਹੈ। ਇਸ ਕਰਕੇ ਹੀ ਪੁੱਤ ਦੇ ਵਿਆਹ ਨਾਲ ਜੁੜੀਆਂ ਵਧੇਰੇ ਲੋਰੀਆਂ ਜੋੜੀਆਂ ਜਾਂਦੀਆਂ ਹਨ।

ਨੀਂ ਨੀਂਦੇ ਤੂੰ ਛੇਤੀ ਆ ਜਾ, ਮੇਰੇ ਪੁੱਤ ਨੇ ਸੌਣਾ
ਮੇਰੇ ਪੁੱਤ ਨੇ ਵੱਡਾ ਹੋ ਕੇ, ਪਰੀ ਨੂੰ ਵਿਆਹ ਕੇ ਲਿਆਉਣਾ
ਸਿਹਰਾ ਇਸ ਦਾ ਮਾਲਣ ਗੁੰਦੂੰ, ਘੋੜੀ ਗੁੰਦਣੀ ਭੈਣਾਂ
ਨਵੀਂ ਵਿਆਹੀ ਸਾਂਭਣ ਆਉਣਾ, ਮੇਰੇ ਪਿੰਡ ਦੀਆਂ ਨੈਣਾਂ
ਮੇਰੇ ਪੁੱਤ ਦੀ ਜੰਞ 'ਚ ਦੇਖੀਂ, ਕੋਈ ਨੀਂ ਪਿੰਡ 'ਚੋਂ ਰਹਿਣਾ
ਨੀਂ ਨੀਂਦੇ ਤੂੰ ਛੇਤੀ ਆ ਜਾ, ਮੇਰੇ ਪੁੱਤ ਨੇ ਸੌਣਾ
ਲੋਰੀ..ਲ..ਲੋਰੀ..ਲੋਰੀ ਵੇ ਲਾਲਾ ਲੋਰੀ

ਮਾਂ ਦੀ ਗੋਦੀ ਵਿੱਚ ਸੌਂ ਰਹੇ ਜਿਸ ਬਾਲ ਨੂੰ ਲੋਰੀ ਸੁਣਾਈ ਜਾਂਦੀ ਹੈ, ਉਸ ਨੂੰ ਲੋਰੀ ਦੇ ਅਰਥ ਸਮਝ ਨਹੀਂ ਆਉਂਦੇ, ਪਰ ਸ਼ਬਦਾਂ ਵਿੱਚੋਂ ਝਰ-ਝਰ ਆਉਂਦੀ ਬੋਲਾਂ ਦੀ ਮਿਠਾਸ ਉਸ ਨੂੰ ਸੌਣ ਲਈ ਮਜਬੂਰ ਕਰ ਦਿੰਦੀ ਹੈ। ਉਹ ਸੌਂਦਾ ਹੈ ਤਾਂ ਮਾਂ ਘਰ ਦੇ ਹੋਰਾਂ ਕੰਮਾਂ ਵਿੱਚ ਰੁੱਝ ਜਾਂਦੀ ਹੈ, ਪਰ ਆਪਣੇ ਸੁੱਤੇ ਪਏ ਬਾਲ 'ਚੋਂ ਧਿਆਨ ਕਦੇ ਵੀ ਪਾਸੇ ਨਹੀਂ ਜਾਣ ਦਿੰਦੀ। ਕੰਮ ਕਾਰ ਤੇ ਬੱਚੇ ਦੀ ਦੇਖਭਾਲ ਵਿੱਚ ਉਹ ਆਪਣੇ ਮਾਹੀ ਨੂੰ ਵੀ ਭੁੱਲ ਜਾਂਦੀ ਹੈ।

# ਪੁੱਗੀ ਮਿਆਦ ਵਾਲੇ ਲੈਂਜ਼

-ਡਾ. ਸੁਰਭੀ ਸ਼ਰਮਾ

ਮੈਂ ਹਸਪਤਾਲ ਦੇ ਅਜਿਹੇ ਮਾਹੌਲ ਵਿੱਚ ਕੰਮ ਕਰਦੀ ਹਾਂ, ਜਿਥੇ ਅਕਸਰ ਹੀ ਤੱਥਾਂ ਉਤੇ ਮਿੱਥਾਂ ਭਾਰੂ ਪੈਂਦੀਆਂ ਰਹਿੰਦੀਆਂ ਹਨ। ਉਥੇ ਸਮਾਜਿਕ ਤਬਦੀਲੀ ਸਮਝੋ ਕਲੰਕ ਵਾਂਗ ਹਨ ਤੇ ਸੱਭਿਆਚਾਰ ਅਜਿਹਾ ਜਿਥੇ ਸਿੱਖਿਆ ਤੇ ਸਮਝ, ਸੋਝੀ ਲਈ ਕੋਈ ਥਾਂ ਨਹੀਂ। ਮੈਂ ਅੱਖਾਂ ਦੀ ਸਰਜਨ ਹਾਂ ਤੇ ਬੀਤੇ 12 ਸਾਲਾਂ ਤੋਂ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਵਿੱਚ ਜਨਤਕ ਤੇ ਪ੍ਰਾਈਵੇਟ ਖੇਤਰ ਵਿੱਚ ਕੰਮ ਕਰ ਰਹੀ ਹਾਂ। ਮੈਂ ਪੂਰੀ ਤਰ੍ਹਾਂ ਆਪਣੇ ਪੇਸ਼ੇ ਨੂੰ ਸਮਰਪਿਤ ਹਾਂ ਤੇ ਇਸ ਵਿਸ਼ਵਾਸ ਨਾਲ ਆਪਣੇ ਮਰੀਜ਼ਾਂ ਨੂੰ ਪਿਆਰ ਕਰਦੀ ਹਾਂ ਕਿ ਅੱਖਾਂ ਅਤੇ ਨਜ਼ਰ ਹੀ ਜ਼ਿੰਦਗੀ ਹਨ। ਮੈਂ ਜਿਸ ਹਸਪਤਾਲ ਵਿੱਚ ਕੰਮ ਕਰਦੀ ਹਾਂ, ਉਹ ਕਰੀਬ 300 ਪਿੰਡਾਂ ਨੂੰ ਸੇਵਾ ਦਿੰਦਾ ਹੈ ਤੇ ਮਰੀਜ਼ ਮੁੱਖ ਤੌਰ 'ਤੇ ਪੇਂਡੂ ਪਿਛੋਕੜ ਵਾਲੇ ਹੁੰਦੇ ਹਨ। ਇਹ ਲੋਕ ਗੂਗਲ ਆਦਿ ਬਹੁਤਾ ਨਹੀਂ ਵਰਤਦੇ ਅਤੇ ਵਧੀਆ ਤੇ ਯੋਗ ਡਾਕਟਰ ਵੀ ਸਭ ਦੀ ਪਹੁੰਚ ਵਿੱਚ ਨਹੀਂ।

ਮੈਨੂੰ ਬਹੁਤ ਸਾਰਾ ਸਮਾਂ ਮਰੀਜ਼ਾਂ ਦੇ ਸ਼ੱਕ ਸ਼ੁਬਹੇ ਦੂਰ ਕਰਨ ਅਤੇ ਨਾਲ ਸਾਇੰਸ ਤੇ ਉਨ੍ਹਾਂ ਦੇ ਅੰਧ-ਵਿਸ਼ਵਾਸਾਂ ਵਿਚਾਲੇ ਤਵਾਜ਼ਨ ਬਣਾਉਣ ਲਈ ਲਾਉਣਾ ਪੈਂਦਾ ਹੈ। ਇਸ ਤਵਾਜ਼ਨ ਲਈ ਬੜੀਆਂ ਗੱਲਾਂ ਦਾ ਖਿਆਲ ਰੱਖਣਾ ਪੈਂਦਾ ਹੈ। ਕਈ ਵਾਰ ਮਰੀਜ਼ਾਂ ਨੂੰ ਕਿਸੇ ਐਲੋਪੈਥਿਕ ਆਈ ਡਰਾਪ, ਭਾਵ ਅੱਖਾਂ ਦੀ ਦਵਾਈ ਦੀ ਥਾਂ ਪਿਆਜ਼ ਜਾਂ ਅਜਿਹੀ ਕਿਸੇ ਹੋਰ ਚੀਜ਼ ਦਾ ਰਸ ਪਾਉਣਾ ਵੱਧ ਠੀਕ ਜਾਪਦਾ ਹੈ। ਮੈਂ ਆਪਣੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਈ ਵਾਰ ਮਰੀਜ਼ਾਂ ਦੀਆਂ ਇਨ੍ਹਾਂ ਪੀੜ੍ਹੀ ਦਰ ਪੀੜ੍ਹੀ ਚਲੀਆਂ ਆ ਰਹੀਆਂ ਮਾਨਤਾਵਾਂ ਨੂੰ ਹਲੂਣਾ ਤੱਕ ਦੇਣ ਵਿੱਚ ਵੀ ਸਫਲ ਨਹੀਂ ਹੁੰਦੀ।

ਅਜਿਹੀ ਇਕ ਘਟਨਾ ਉਦੋਂ ਵਾਪਰੀ, ਜਦੋਂ ਮੈਂ 50 ਸਾਲਾ ਔਰਤ ਦਾ ਅੱਖਾਂ ਦਾ ਅਪਰੇਸ਼ਨ ਕੀਤਾ। ਉਹ ਬਾਅਦ ਵਿੱਚ ਅੱਖਾਂ ਦੀ ਜਾਂਚ ਲਈ ਲਗਾਤਾਰ ਆ ਰਹੀ ਸੀ। ਉਸ ਦੀ ਹਰ ਫੇਰੀ ਉੱਤੇ ਮੇਰੀ ਉਸ ਨਾਲ ਵਧੀਆ ਗੱਲਬਾਤ ਹੁੰਦੀ। ਇਸ ਵਾਰ ਜਦੋਂ ਉਹ ਆਈ ਤਾਂ ਉਸ ਦਾ ਸਵਾਲ ਸੀ ਕਿ ਛੁੱਟੀ ਦੀ ਪਰਚੀ (ਡਿਸਚਾਰਜ ਸਲਿਪ) ਉਤੇ ਲੱਗੇ ਸਟਿੱਕਰ ਉਤੇ ਅੱਖਾਂ ਵਿੱਚ ਪਾਏ ਗਏ ਲੈਂਜ਼ ਦੀ ਮਿਆਦ ਪੁੱਗਣ ਦੀ ਤਰੀਕ (ਐਕਸਪਾਇਰੀ ਡੇਟ) ਲਿਖੀ ਹੋਈ ਹੈ! ਉਸ ਦੇ ਕਹਿਣ ਦਾ ਮਤਲਬ ਸੀ ਕਿ ਇਸ ਤਾਰੀਖ ਤੋਂ ਬਾਅਦ ਉਸ ਦੇ ਲੈਂਜ਼ ਬਦਲਣੇ ਪੈਣਗੇ। ਡਾਕਟਰ ਵਜੋਂ ਮੈਂ ਉਸ ਵੱਲ ਬਹੁਤ ਗਹੁ ਨਾਲ ਦੇਖਿਆ। ਇਹ ਬੜੀ ਅਜੀਬ ਸੋਚ ਉਸ ਦੇ ਦਿਮਾਗ ਵਿੱਚ ਆ ਗਈ ਸੀ। ਉਸ ਨੇ ਜੱਕੋ-ਤੱਕੀ ਜਿਹੀ ਵਿੱਚ ਆਖਿਆ, 'ਡਾਕਟਰ ਸਾਹਿਬ, ਕੀ ਇਸ ਤਾਰੀਖ ਤੋਂ ਬਾਅਦ ਲੈਂਜ਼ ਬਦਲਣੇ ਪੈਣਗੇ, ਜਾਂ ਫਿਰ?' ਮੈਂ ਹੀ ਨਹੀਂ, ਤਕਰੀਬਨ ਮਾਮਲੇ ਦੇ ਸਾਰੇ ਜਾਣੂ ਲੋਕਾਂ ਨੂੰ ਪਤਾ ਹੈ ਕਿ ਇਕ ਵਾਰੀ ਲੈਂਜ਼ ਉਮਰ ਭਰ ਲਈ ਹੁੰਦੇ ਹਨ। ਮਿਆਦੀ ਤਾਰੀਖ ਦਾ ਇਹ ਮਤਲਬ ਹੁੰਦਾ ਹੈ ਕਿ ਇਸ ਤਾਰੀਖ ਤੋਂ ਬਾਅਦ ਇਨ੍ਹਾਂ ਨੂੰ ਪਾਇਆ ਨਾ ਜਾਵੇ। ਉਹ ਆਪਣੇ ਹਿਸਾਬ ਨਾਲ ਇਸ ਦੇ ਅਰਥ ਕੱਢ ਰਹੀ ਸੀ ਅਤੇ ਵਿਹਾਰਕ ਹੋਣ ਦੀ ਥਾਂ ਮੈਂ ਜੋਖਣ ਦਾ ਕੋਸ਼ਿਸ਼ ਕਰ ਰਹੀ ਸੀ। ਇਹ ਸੋਚ ਦਾ ਮੇਰਾ ਪੱਖ ਸੀ। ਉਸ ਦੇ ਹਾਵ ਭਾਵ ਬੜੇ ਸਖਤ ਸਨ ਤੇ ਉਹ ਆਪਣੀ ਸੋਚ ਬਦਲਣ ਦੇ ਰਉਂ ਵਿੱਚ ਨਹੀਂ ਸੀ ਜਾਪਦੀ।

ਆਖਰ ਮੈਂ ਡਾਕਟਰ ਤੇ ਸਿਹਤ ਮਾਹਰ ਹਾਂ ਤੇ ਉਹ ਮੇਰੀ ਗਾਹਕ ਸੀ। ਮੈਂ ਪੂਰੀ ਨਰਮੀ ਤੇ ਦ੍ਰਿੜ੍ਹਤਾ ਨਾਲ ਕਿਹਾ, 'ਮੈਂ ਜਿਹੜਾ ਲੈਂਜ਼ ਤੁਹਾਡੀਆਂ ਅੱਖਾਂ ਵਿੱਚ ਪਾਇਆ ਹੈ, ਇਹ ਸਾਰੀ ਉਮਰ ਲਈ ਹੈ। ਇਸ ਨੂੰ ਬਦਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।' ਅਸਲ ਵਿੱਚ ਮੈਨੂੰ ਕਿਸੇ ਕੋਲੋਂ ਅਜਿਹੇ ਸਵਾਲ ਦੀ ਆਸ ਨਹੀਂ ਸੀ। ਮੈਂ ਬਥੇਰਾ ਆਖਿਆ ਕਿ ਅਕਸਰ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਚੀਜ਼ਾਂ ਉਨ੍ਹਾਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਵਰਤਣਾ ਸ਼ੁਰੂ ਕਰਦੇ ਹਾਂ, ਜਿਵੇਂ ਖਾਣ ਪੀਣ ਦੀਆਂ ਚੀਜ਼ਾਂ, ਦਵਾਈਆਂ ਅਤੇ ਹੋਰ ਘਰੇਲੂ ਸਾਮਾਨ। ਇਸ ਦਾ ਇਹ ਮਤਲਬ ਨਹੀਂ ਕਿ ਤਰੀਕ ਟੱਪਣ ਪਿੱਛੋਂ ਉਨ੍ਹਾਂ ਨੂੰ ਬਦਲਿਆ ਜਾਵੇ। ਮੇਰਾ ਜਵਾਬ ਉਸ ਦਾ ਸ਼ੱਕ ਦੂਰ ਨਾ ਕਰ ਸਕਿਆ। ਉਸ ਨੇ ਮੇਰੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਿਆ। ਜੋ ਵੀ ਹੋਵੇ, ਮੈਂ ਉਸ ਦਾ ਸ਼ੱਕ ਆਪਣੇ ਵੱਲੋਂ ਠੀਕ ਢੰਗ ਨਾਲ ਦੂਰ ਕਰਨ ਦੀ ਕੋਸ਼ਿਸ਼ ਕੀਤੀ ਸੀ।

ਸੱਚਮੁੱਚ ਬਹੁਤ ਵਾਰੀ ਅਜਿਹੇ ਹਾਲਾਤ ਹੁੰਦੇ ਹਨ, ਜਦੋਂ ਅਜਿਹੇ ਹਾਸ਼ੀਆਗਤ ਲੋਕ ਸਾਨੂੰ ਪੱਬਾਂ ਭਾਰ ਰੱਖਦੇ ਹਨ ਅਤੇ ਸਾਡੇ ਕੋਲ ਅਜਿਹਾ ਕੋਈ ਨੁਸਖਾ ਨਹੀਂ ਹੁੰਦਾ, ਜਿਹੜਾ ਵਿਸ਼ਵਾਸਾਂ ਦਾ ਸੌ ਫੀਸਦੀ ਇਲਾਜ ਕਰ ਸਕੇ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage. Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8

Avtar Singh Tiwana
Sales Rep.



FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Photo Not Available
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।



FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।


ROYAL CANADIAN Family CIRCUS
UNDER THE BIG TOP
MISSISSAUGA - Sheridan Centre
AUGUST 1 – 5
ETOBICOKE • JULY 18 – 21
SCARBOROUGH • JULY 25 – 28
BURLINGTON • AUGUST 9 – 11
MILTON • AUGUST 15 – 18
Run Away to the Circus for a Day!
BRING THIS AD TO THE BIG TOP BOX OFFICE BUY 2 FOR THE PRICE OF 1
ALL NEW SHOW
Spectac!® 2019
BUY 2 FOR THE PRICE OF 1
www.royalcanadiancircus.ca
PROMO CODE: punjabi
"DISCOUNT AVAILABLE ON GENERAL ADMISSION TICKETS ONLY"
Tickets: Sheridan Centre "Rush For Men"
• Woodbine Mall - Guest Services Info Desk
• Bridlewood Mall Management Office
OR: On-site Circus Box Office (on day of performance) - Cash Sales Only
NOTICE - DUE TO FACTORS BEYOND THE CONTROL OF THE CIRCUS, ITS PRODUCER, PRESENTER AND SALES AGENTS; PERFORMERS AND ACTS IN THE SHOW MAY DIFFER FROM THOSE PORTRAYED OR REPRESENTED AND THEREFORE WE ASSUME NO LIABILITY FOR SUCH CHANGES.*
*ACTS SUBJECT TO CHANGE.


ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

